ਮਾਸਕ ਪੱਤਰ

# ੴ ਅਜ਼ਲੀ

ਜੁਲਾਈ-ਅਗਸਤ-ਸਤੰਬਰ 1985

ਗੁਰੂ ਨਾਨਕ ਪਾਤਸ਼ਾਹ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ



ਉਦਾਸੀ ਸੰਪਰਦਾ ਦੇ ਬਾਨੀ

## ਤੱਤਕਰਾ


| | | | |
|---|---|---|---|
| 1. | ਗੁਰਵਾਕ | ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ | 3 |
| 2. | ਕੀਤਾ ਉਪਦੇਸ਼ ਰਾਜ ਯੋਗ ਮਾਰਗ ਦਸ ਕੇ | ਕਵਿਤਾ | 4 |
| 3. | ਸੰਪਾਦਕੀ | ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ | 5 |
| 4. | ਰਾਜਾ ਜੋਗੀ | ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ | 7 |
| 5. | ਬਾਬਾ ਸ੍ਰੀ ਚੰਦ ਜੀ ਨਿਰਬਾਣ | ਬੀਬੀ ਪਰਮਜੀਤ ਕੌਰ ਐਮ.ਏ. | 11 |
| 6. | ਸ੍ਰੀ ਚੰਦ ਸਰੂਪ ਧਰਿਓ ਕਲਿ ਆਏ | ਸੁਆਮੀ ਈਸ਼ਵਰ ਦਾਸ ਸ਼ਾਸਤਰੀ | 20 |
| 7. | Srichand : a life of miracles | Jai Raj Udasin | 22 |
| 8. | ਸੰਤਾਨਕ ਸਮਾਚਾਰ ਗੁਰਗੱਦੀ (ਧਰਮ ਪ੍ਰਚਾਰ) | | 25 |




ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ ਬੇਦੀ

ਧੰਨ ਗੁਰੂ ਨਾਨਕ ਪਾਤਸ਼ਾਹ ਦੀ 12ਵੀਂ ਸੰਤਾਨਕ ਜੋਤ

ੴ

ਬਾਬਾ ਮਧੁਸੂਦਨ ਸਿੰਘ ਜੀ ਬੇਦੀ
ਗੱਦੀ ਨਸ਼ੀਨ, ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਦੀ
ਸਰਪ੍ਰਸਤੀ ਹੇਠ ਛਪਣ ਵਾਲਾ

# ਮਾਸਕ ਅਜੂਨੀ ਮਨਸੂਰਾਂ (ਲੁਧਿਆਣਾ)

ਸੰਪਾਦਕ : ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਸਾਲ 13 ] ਜੁਲਾਈ, ਅਗਸਤ, ਸਤੰਬਰ 1985 [ ਅੰਕ 7, 8, 9

## ਮਾਝ ਮਹਲਾ ੫ ਘਰੁ ੪

ਸਾਵਣਿ ਸਰਸੀ ਕਾਮਣੀ ਚਰਣ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥
ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥
ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥

# ਕੀਤਾ ਉਪਦੇਸ਼
# ਰਾਜ ਯੋਗ ਮਾਰਗ ਦਸ ਕੇ

ਸ੍ਰੀਮਾਨ :—ਕਵੀਰਾਜ ਭਾ: ਸਾ: ਭਾਈ ਅਰਜਨ ਸਿੰਘ ਜੀ, 'ਵੈਦ' ਡੇਰਾਦੂਨ

ਅੰਸ ਗੁਰੂ ਨਾਨਕ ਦੀ ਬੇਦੀ ਕੁਲ ਰਤਨ ਹੋਇ,
ਨਾਮ ਦੇ ਸਦੀਵ ਪੂਰੇ ਸ਼ਕਤੀ ਭੰਡਾਰ ਸਨ ।
ਰਿਧੀ, ਸਿਧੀ ਪਾਈ, ਕੀਤੀ ਨਾਮ ਦੀ ਕਮਾਈ ਹੈ ਸੀ.
ਸਾਹਿਬ ਮ੍ਰਿਗਿੰਦ, ਸਦਾ ਰਹਿੰਦੇ ਗੁਲਜ਼ਾਰ ਸਨ ।
ਗੁਰੂ ਦਸਮੇਸ਼ ਦੇ ਉਦੇਸ਼ ਦਾ ਪ੍ਰਚਾਰ ਸਦਾ,
ਕਰਨ ਉਪਦੇਸ਼, ਗੁਰਮੁਖ-ਤਾਈ ਦੇ ਵਿਚਾਰ ਸਨ ।
ਅਰਜਨ ਮ੍ਰਿਗਿੰਦ, ਨਾਮ ਰੱਤੇ, ਸਾਹਿਬ ਸਿੰਘ ਬੇਦੀ,
ਸਦਾ ਗੁਰਬਾਣੀ ਰੱਤੇ, ਨਿਰ-ਹੰਕਾਰ ਸਨ ।
ਨਾਮ ਦੀ ਕਮਾਈ, ਦਸਮੇਸ਼ ਦੀ ਵਡਿਆਈ ਕਰਨ,
ਪ੍ਰੇਮ ਦੀ ਜਗਾਂਦੇ ਜੋਤਿ, ਰਹੇ ਗਿਆਨ ਦਸ ਕੇ ।
ਸ਼ਸਤਰ ਧਾਰੀ ਖਾਲਸਾ, ਦੀਦਾਰੀ ਸੰਤ ਖਾਲਸਾ ਭੀ,
ਕੀਤਾ ਉਪਦੇਸ਼ ਰਾਜ ਯੋਗਿ ਮਾਰਗ ਦਸ ਕੇ ।
ਕਉਨ ਪਾਵੈ ਅੰਤ ਦਸਮੇਸ਼ ਜੀ ਦੇ ਪ੍ਰੇਮੀਆਂ ਦਾ,
ਸੇਵਾ ਨਿਰਮਾਨ ਕਰਦੇ ਰਹੇ ਜੱਗ ਵੱਸ ਕੇ ।
ਅਰਜਨ ਮ੍ਰਿਗਿੰਦ, ਯੋਗੀ ਰਾਜ, ਹੋਇ ਸਿਦਕ ਧਾਰੀ,
ਭਾਗੀ ਨੇ ਹਮੇਸ਼, ਪ੍ਰੇਮੀ ਪਿਆਰ ਅਤੇ ਯਸ਼ ਕੇ ।

# ਸੰਪਾਦਕੀ

## ( ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਦੀ ਕਲਮ ਤੋਂ )

ਜਗਤ ਵਿਚ ਆਮ ਪ੍ਰਚਾਰ ਇਸ ਗੱਲ ਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਇਕ ਸੰਤ ਰੂਪ ਹੋਏ ਹਨ। ਆਮ ਤਸਵੀਰਾਂ ਆਪਦੇ ਸਿਰ ਉਪਰ ਗੋਲ ਪੱਗ ਬੰਨਵਾ ਕੇ ਵਣਤਾਈਆਂ ਜਾਂਦੀਆਂ ਹਨ। ਮੈਂ ਤਾਂ ਘਰ ਘਰ ਲਾਈਆਂ ਦੇਖੀਆਂ ਹਨ। ਸੰਗਤ ਦੇ ਮਨ ਵਿਚ ਆਮ ਪ੍ਰਭਾਵ ਹੈ ਕਿ ਗੁਰੂ ਨਾਨਕ ਪਾਤਸ਼ਾਹ ਦਾ ਵਿਵਾਹ ਨਹੀਂ ਹੋਇਆ। ਉਹਨਾਂ ਦੇ ਬੱਚੇ ਨਹੀਂ ਸਨ।

ਕਈ ਵਾਰ ਦਾਸ ਪੰਜਾਬ ਤੋਂ ਬਾਹਰ ਜਾਂ ਬਾਹਰਲੇ ਮੁਲਕਾਂ ਵਿਚ ਗਿਆ ਹੈ ਤੇ ਸੰਗਤ ਹੈਰਾਨ ਹੋ ਜਾਦੀ ਹੈ ਕਿ ਬਾਬਾ ਜੀ ਆਪ ਗੁਰੂ ਨਾਨਕ ਦੀ ਸੰਤਾਨ ਹੋ। ਇਹ ਭੁਲੇਖੇ ਸੰਗਤਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਸੰਤਾਨ ਤੋਂ ਬੇਮੁਖ ਬਨਾਉਣ ਲਈ ਕੀਤੇ ਜਾਂਦੇ ਹਨ। ਤਾਂ ਜੋ ਕਲਯੁਗੀ ਅਜਕਲ ਦੇ ਧਰਮ ਦੇ ਆਗੂ ਆਪਣੀ ਪੂਜਾ ਕਰਵਾ ਸਕਣ। ਔਰ ਸੰਗਤਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਨਾਲੋਂ ਤੋੜ ਕੇ ਇਨ੍ਹਾਂ ਪਖੰਡੀ ਧਰਮਾਤਮਾਂ ਦੇ ਨਾਲ ਜੋੜਿਆ ਜਾਵੇ। ਇਹ ਗਲਤ ਪ੍ਰਚਾਰ ਦੀ ਮੁਹਿਮ ਕਾਫੀ ਜੋਰ ਪਕੜ ਚੁਕੀ ਹੈ। ਔਰ ਸੰਗਤਾਂ ਨੂੰ ਚੰਗੇ ਭੁਲੇਖੇ ਵਿਚ ਰਖਿਆ ਹੋਇਆ ਹੈ।

ਬੇਦੀਆਂ ਦੀ ਕੁਲ ਤਾਂ ਸ੍ਰੀ ਰਾਮ ਚੰਦਰ ਜੀ ਮਹਾਰਾਜ ਤੋਂ ਚਲਦੀ ਹੈ। ਜੇ ਕਦੇ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੀ ਲਿਖਤ ਬਚਿੱਤਰ ਨਾਟਕ ਪੜੋਗੇ ਤਾਂ ਸਾਫ ਜਾਹਿਰ ਹੋਵੇਗਾ ਕਿ ਬੇਦੀ ਕੁਲ ਸ੍ਰੀ ਰਾਮ ਚੰਦਰ ਜੀ ਮਹਾਰਾਜ ਦੇ ਸਾਹਿਬਜ਼ਾਦੇ ਕੱਸੂ ਤੋਂ ਚੱਲੀ। ਇਹ ਸੂਰਜ ਬੰਸੀ ਖ਼ਾਨਦਾਨ ਹੈ। ਅਨੇਕਾਂ ਹੀ ਇਸ ਦੇ ਕਰਮਚਾਰੀ ਹਨ ਕੋਈ ਚੰਗਾ ਤੇ ਕੋਈ ਮਾੜਾ। ਕਲਯੁਗ ਦਾ ਪਹਿਰਾ ਹੈ। ਕੋਈ ਧਰਮਾਤਮਾ ਹੈ, ਕੋਈ ਬਿਭਚਾਰੀ ਹੈ। ਪ੍ਰੰਤੂ ਸਾਡਾ ਧਿਆਨ ਤਾਂ ਇਸ ਤੁਕ ਵਲ ਆਉਂਦਾ ਹੈ।

"ਤਿਨ ਬੇਦੀਅਨ ਕੀ ਕੁਲ ਵਿਖੇ ਪ੍ਰਗਟਿਓ ਨਾਨਕ ਰਾਇ ॥"

ਤਿਨ ਤੋਂ ਮੁਰਾਦ ਇਸ ਕਸੂਆਂ ਦੀ ਸੰਤਾਨ ਵਲ ਹੈ। ਜਿਸ ਵਿਚ ਬਾਬਾ ਕਾਲੂ ਜੀ ਹੋਏ। ਆਪ ਦੇ ਗ੍ਰਹਿ ਵਿਖੇ ਧੰਨ ਗੁਰੂ ਨਾਨਕ ਪਾਤਸ਼ਾਹ ਪਧਾਰੇ। ਜਿੰਨਾਂ ਨੇ ਜਗਤ ਨੂੰ ਤਾਰਿਆ। ਬਾਬਾ ਕਾਲੂ ਜੀ ਨੇ ਆਪਣੇ ਸਪੁੱਤਰ ਗੁਰੂ ਨਾਨਕ ਪਾਤਸ਼ਾਹ ਦਾ ਵਿਵਾਹ ਮਾਤਾ ਸੁਲੱਖਣੀ ਜੀ ਨਾਲ ਕਰ ਦਿਤਾ ਔਰ ਆਪ ਨੂੰ ਪਦਵੀ ਪ੍ਰਾਪਤ ਹੋਈ। ਔਰ ਆਪ ਦੇ ਗ੍ਰਹਿ ਵਿਖੇ ਦੋ ਸਾਹਿਬਜ਼ਾਦਿਆਂ ਨੇ ਜਨਮ ਲਿਆ, ਔਰ ਆਪ ਦੀ ਭੈਣ ਬੇਬੇ ਨਾਨਕੀ ਜੀ ਨੇ ਆਪ ਦੇ ਵਡੇ ਸਾਹਿਬਜ਼ਾਦੇ ਦਾ ਨਾਂ ਸ੍ਰੀ ਬਾਬਾ ਸ੍ਰੀ ਚੰਦ ਜੀ ਰਖਿਆ। ਜਿਸ ਤੋਂ ਮੁਰਾਦ ਵੱਡਾ ਔਰ ਦੂਸਰੇ ਸਾਹਿਬਜ਼ਾਦੇ ਦਾ ਨਾਮ ਲੱਛਮੀ ਦਾਸ ਰਖਿਆ।

ਬਾਬਾ ਸ੍ਰੀ ਚੰਦ ਜੀ ਮਹਾਰਾਜ ਨੂੰ ਸਾਧੂ ਬਣਾਇਆ ਉਦਾਸੀਅਨ ਸੰਪਰਦਾਇ ਕਾਇਮ ਕੀਤੀ। ਬਾਬਾ ਲਛਮੀ ਦਾਸ ਨੂੰ ਗ੍ਰਹਿਸਤੀ ਬਣਾਇਆ। ਨਾਮ ਲਛਮੀ ਦਾਸ ਇਸੇ ਲਈ ਲਈ ਰਖਿਆ ਤਾਂ ਜੋ ਆਪ ਨੂੰ ਔਰ ਆਪ ਦੀ ਸੰਤਾਨ ਨੂੰ ਕਦੇ ਲਛਮੀ (ਮਾਇਆ) ਦੀ ਤੋਟ ਨਾ ਆਵੇ। ਇਹਨਾਂ ਸਾਰੇ ਕਰਤੱਬਾਂ ਕਰ ਕੇ ਔਰ ਗੁਰੂ ਨਾਨਕ ਪਾਤਸ਼ਾਹ ਦੇ ਆਪਣੇ ਜੀਵਨ ਦੇ ਕਾਰਨ ਅਜ ਆਪ ਨੂੰ ਕਹਿ ਪੁਕਾਰਦੇ ਹਾਂ।

" ਸਭ ਤੋਂ ਵੱਡਾ ਸਤਿਗੁਰੂ ਨਾਨਕ ਜਿਨ ਕਲ ਰਾਖੀ ਮੇਰੀ।"

ਇਸ ਕੁਲ ਵਿਚੋਂ ਬਾਬਾ ਸ੍ਰੀ ਚੰਦ ਜੀ ਮਹਾਰਾਜ ਦਾ ਅੱਜ ਜਨਮ ਦਿਹਾੜਾ ਹੈ। ਗੁਰਸਿੱਖ ਤਾਂ ਕਈ ਭੁਲੇਖਿਆਂ ਵਿਚ ਹਨ ਕਿ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਨੂੰ ਗੈਰ ਆਗਿਆਕਾਰੀ ਕਹਿ ਪੁਕਾਰਦੇ ਹਨ। ਜੋ ਭਾਵ ਬਿਲਕੁਲ ਗਲਤ ਹੈ :—

ਗੁਰਸਿੱਖ ਮੀਤ ਚਲੋ ਗੁਰ ਚਾਲੀ, ਜੋ ਗੁਰ ਕਹੇ ਸੋਈ ਭਲ ਮਾਨੋ ॥"
ਹਰਿ ਹਰਿ ਕਥਾ ਨਿਰਾਲੀ ॥

ਬਾਬਾ ਸ੍ਰੀ ਚੰਦ ਜੀ ਮਹਾਰਾਜ ਦੇ ਜੀਵਨ ਵਲ ਝਾਤੀ ਮਾਰਨੀ ਹੈ। ਗੁਰੂ ਨਾਨਕ ਪਾਤਸ਼ਾਹ ਦੇ ਆਉਣ ਤੇ ਅਨੇਕਾਂ ਹੀ ਸਾਧੂ ਮਹਾਤਮਾ ਮੌਜੂਦ ਸਨ। ਜੋ ਮਹਾਨ ਤਪੱਸਵੀ ਵੀ ਸਨ। ਪ੍ਰਮੇਸ਼ਰ ਨਾਲ ਜੁੜੇ ਹੋਏ ਸਨ। ਪੂਜਨੀਕ ਸਨ। ਕਦੇ ਕੁੰਭ ਦੇ ਮੌਕੇ ਤੇ ਹਰਦੁਆਰ ਚਲੇ ਜਾਉ ਤਾਂ ਅਨੇਕਾਂ ਇਹਨਾਂ ਸਾਧੂਆਂ ਦੀ ਸੰਪਰਦਾਇ ਦੇ ਦਰਸ਼ਨ ਕਰ ਸਕਦੇ ਹੋ—ਪ੍ਰੰਤੂ ਗੁਰੂ ਨਾਨਕ ਪਾਤਸ਼ਾਹ ਨੇ ਉਹਨਾਂ ਸਾਧੂਆਂ ਨੂੰ ਪ੍ਰਵਾਨਗੀ ਨਹੀਂ ਦਿਤੀ ਆਪਣੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਨੂੰ ਉਦਾਸੀਅਨ ਸੰਪਰਦਾਇ ਦਾ ਮੁਖੀ ਬਣਾ ਕੇ ਨਵਾਂ ਮੱਤ ਕਾਇਮ ਕੀਤਾ।

ਗੁਰੂ ਨਾਨਕ ਪਾਤਸ਼ਾਹ ਨੇ ਆਪਣੀ ਆਤਮਕ ਗੱਦੀ ਲਹਿਣਾ ਜੀ ਨੂੰ ਬਖਸ਼ੀ। ਦਸਾਂ ਜੋਤਾਂ ਤਕ ਕਾਇਮ ਚੱਲੀ ਆਈ। ਔਰ ਗਿਆਰਵੀਂ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਪਾਤਸ਼ਾਹ ਵਿਖੇ ਦਸਾਂ ਜੋਤਾਂ ਦਾ ਗਿਆਨ ਲਿਖਤੀ ਰੂਪ ਵਿਚ ਪ੍ਰਗਟ ਕੀਤਾ। ਪ੍ਰੰਤੂ ਬਾਬਾ ਸ੍ਰੀ ਚੰਦ ਮਹਾਰਾਜ ਦੀ ਜਿੰਨਾਂ ਦੀ ਆਯੂ ਡੇਢ ਸੌ ਸਾਲ ਹੋਈ ਹੈ। ਗੁਰੂ ਨਾਨਕ ਪਾਤਸ਼ਾਹ ਦੀ ਆਤਮਕ ਗੱਦੀ ਆਪ ਦੀ ਪੂਜਾ ਕਰਦੀ ਚਲੀ ਆਈ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਤਕ ਹਰ ਸਾਲ ਪੰਜ ਸੌ ਰੁਪਈਆ ਘੋੜਾ ਔਰ ਦੁਸ਼ਾਲੇ ਬਾਬਾ ਸ੍ਰੀ ਚੰਦ ਮਹਾਰਾਜ ਦੀ ਭੇਟਾ ਕਰਦੇ ਚਲੇ ਆਏ। ਇਤਿਹਾਸ ਬੇਅੰਤ ਹੈ। ਪ੍ਰੰਤੂ ਛੇਵੇਂ ਪਾਤਸ਼ਾਹ ਨੇ ਆਪਣਾ ਸਪੁੱਤਰ ਭਾਈ ਗੁਰਦਿਤਾ ਜੀ ਬਾਬਾ ਸ੍ਰੀ ਚੰਦ ਜੀ ਮਹਾਰਾਜ ਦੀ ਭੇਟਾ ਕੀਤਾ। ਔਰ ਦਸਵੇਂ ਪਾਤਸ਼ਾਹ ਤਕ ਜੋ ਬੇਦੀ ਸਾਹਿਬਜ਼ਾਦਾ ਗੁਰੂ ਨਾਨਕ ਪਾਤਸ਼ਾਹ ਦੀ ਸੰਪਰਦਾਇਕ ਚਿੰਨ ਸੇਲੀ ਔਰ ਨੋਕੀਲੀ ਟੋਪੀ ਪਹਿਨਕੇ ਜਾਂਦੇ ਸਨ—ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਪਾਤਸ਼ਾਹ ਵੀ ਪੰਜ ਸੌ ਰੁਪਈਆ ਘੋੜਾ ਦੁਸ਼ਾਲਾ ਵਡੇਗੀ ਬਖਸ਼ਦੇ ਸਨ। ਇਹ ਸਤਿਕਾਰ ਅਜ ਤਕ ਚਲਿਆ ਆਉਂਦਾ ਹੈ।

ਇਸ ਦੇ ਬਰੱਕਸ ਪ੍ਰਚਾਰ ਲਖ ਪਏ ਕਰੀਏ ਪਰ ਆਪਣੀਆਂ ਧਾਰਮਿਕ ਸਭਾ ਸੁਸਾਇਟੀਆਂ ਗੁਰੂ ਤੋਂ ਬੇਮੁਖ ਹੋਕੇ ਬਣਾਂਦੇ ਚਲੇ ਆਈਏ। ਗੁਰੂ ਦੇ ਰਾਹ ਨੂੰ ਭੁੱਲ ਜਾਈਏ। ਅਸੀਂ ਗੁਰਸਿਖ ਪੂਰੇ ਨਹੀਂ ਬਣ ਸਕਦੇ। ਪਾਤਸ਼ਾਹ ਦਾ ਹੁਕਮ ਹੈ:

ਗੁਰਸਿਖ ਮੀਤ ਚਲੋ ਗੁਰ ਚਾਲੀ।

ਕੀ ਅਸੀਂ ਗੁਰੂ ਦੀ ਰਾਹ ਤੇ ਚਲਦੇ ਹਾਂ। ਜੋ ਕਰਤਬ ਗੁਰੂ ਨੇ ਕੀਤੇ ਉਹ ਕਰਦੇ ਹਾਂ ? ਗੁਰੂ ਨਾਨਕ ਪਾਤਸ਼ਾਹ ਨੇ ਸੰਪਰਦਾਇਕ ਤੌਰ ਤੇ ਆਪਣੇ ਸਾਹਿਬਜ਼ਾਦੇ ਮੁਫਤ ਦੇ ਪ੍ਰਚਾਰਕ ਨਾਨਕਸ਼ਾਹੀ ਮਤ ਨੂੰ ਵਿਚਰਨ ਵਾਲੇ, ਕਾਇਮ ਕੀਤੇ। ਉਹਨਾਂ ਦੀ ਨਾਂ ਸੁਣੀਏ-ਉਹਨਾਂ ਦਾ ਸਤਿਕਾਰ ਤੇ ਪਿਆਰ ਨਾ ਕਰੀਏ। ਜੋ ਆਪਣੀ ਮਨ ਮਤ ਦਾ ਪ੍ਰਚਾਰ ਕੇਵਲ ਮਾਇਆ ਨੂੰ ਮੁਖ ਰਖਦੇ ਹੋਏ, ਹਰ ਮਹੀਨੇ ਹਜ਼ਾਰਾਂ ਰੁਪਿਆ ਤਨਖਾਹ ਲੈਨ ਵਾਲੇ ਜੋ ਗੁਰੂ ਨਾਨਕ ਪਾਤਸ਼ਾਹ ਦਾ ਨਹੀਂ, ਆਪੋ ਆਪਣੀ ਮਨ ਮਤ ਦਾ ਪ੍ਰਚਾਰ ਕਰਦੇ ਹਨ। ਔਰ ਸੰਗਤਾਂ ਨੂੰ ਭੁਲੇਖੇ ਵਿਚ ਪਾਉਂਦੇ ਹਨ। ਇਹਨਾਂ ਮਨ ਮਤੀਆਂ ਨੂੰ ਸੁਣ ਸਚ ਜਾਣ ਲਈਏ। ਇਹਨਾਂ ਦਾ ਹਾਲ ਕੀ ਹੈ।

ਸਲਾਮ ਜਵਾਬ ਦੋਵੇ ਕਰੇਇ ਮੁਢੋ ਗੁਥਾ ਜਾਇ।

ਅਜੇ ਕੁਝ ਨਹੀਂ ਵਿਗੜਿਆ ਇਹ ਦਰਬਾਰ ਗੁਰੂ ਨਾਨਕ ਦਾ ਹੈ। 'ਜੋ ਆਵੇ ਸੋ ਰਾਜੀ ਜਾਵੇ। ਅਪਰਾਧੀ ਗੁਣਾਗਾਰ ਇਸ ਦਰਬਾਰ ਵਿਚ ਬਖਸ਼ੇ ਜਾਂਦੇ ਹਨ ਜੋ ਗੁਰੂ ਨਾਨਕ ਪਾਤਸ਼ਾਹ ਨੇ ਰਾਹ ਦਰਸਾਇਆ। ਦਸਾਂ ਜੋਤਾਂ ਨੇ ਅਪਨਾਇਆ ਸਤਿਕਾਰ ਤੇ ਪਿਆਰ ਕੀਤਾ। ਗੁਰਸਿਖੋ ਆਪਣੇ ਗੁਰੂ ਦੇ ਰਾਹ ਨੂੰ ਮੁੜ ਅਪਣਾਉ ਔਰ ਸਦਾ ਅਨੰਦ ਮਾਣੋਂ। ਨਹੀਂ ਤਾਂ ਮੁਢੋਂ ਗੁਥੇ ਜਾਓਗੇ। ਮੌਜੂਦਾ ਸਮਾਂ ਇਕ ਮਿਸਾਲ ਹੈ। ਸਤਿਨਾਮ ਸ੍ਰੀ ਵਾਹਿਗੁਰੂ ਨਾਮ ਚਿਤ ਆਵੇ।

# ਰਾਜਾ ਜੋਗੀ

ਅਰਥਾਤ ਜੀਵਨ ਕਥਾ

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ

(ਵਲੋਂ :—ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ)

## ਬਾਬਾ ਜੀ ਸ੍ਰੀ ਅੰਮ੍ਰਿਤਸਰ ਥੀਂ 'ਨੂਰਪੁਰੇ' ਆਏ, ਸਾਹਬਜ਼ਾਦੇ ਤੇਗ ਸਿੰਘ ਦਾ ਜਨਮ ਅਤੇ ਫੇਰ ਊਨੇ ਸਿਧਾਏ

ਸ੍ਰਦਾਰ ਅਮੀਰ ਸਿੰਘ ਨੂੰ ਅਸੀਸਾਂ ਦੇਂਦੇ ਹੋਏ ਉਨ੍ਹਾਂ ਦੇ ਚਲੇ ਜਾਣ ਮਗਰੋਂ ਬਾਬਾ ਜੀ ਨੇ ਸ੍ਰੀ ਅੰਮ੍ਰਿਤਸਰ ਥੀਂ ਚਾਲੇ ਪਾ ਦਿੱਤੇ। ਅਤੇ ਭਾਈ ਦੁੱਖ ਭੰਜਨ ਜੀ ਦੇ ਸੇਵਕ ਭਾਈ ਬੱਲੂ ਜੀ ਨੂੰ ਨਾਲ ਲੈਂਦੇ ਹੋਏ, ਸ੍ਰੀ ਤਰਨ ਤਰਨ, ਸ੍ਰੀ ਖਡੂਰ ਸਾਹਿਬ ਅਤੇ ਗੋਇੰਦਵਾਲ ਸਾਹਿਬ ਦੇ ਦਰਸ਼ਨ ਕਰਕੇ ਇਸੇ ਰਾਹੀਂ 'ਨੂਰਪੁਰ' ਆਣ ਨਿਵਾਸ ਕੀਤਾ। ਨੂਰਪੁਰੇ ਆਇਆਂ ਅਜੇ ਥੋੜੇ ਹੀ ਦਿਨ ਹੋਏ ਸਨ ਤਾਂ ਵਾਹਿਗੁਰੂ ਦੀ ਕਿਰਪਾਲਤਾ,—ਆਪ ਦੇ ਗ੍ਰਿਹ ਦੂਜੇ ਸਾਹਿਬਜ਼ਾਦੇ ਦਾ ਜਨਮ ਹੋਇਆ। ਸਾਰੇ ਪ੍ਰਵਾਰ ਅਤੇ ਸਿਖ ਸੰਗਤਾਂ ਅੰਦਰ ਅਨੰਦ ਮੰਗਲਾਚਾਰ ਤੇ ਖੁਸ਼ੀਆਂ ਕੀਤੀਆਂ ਗਈਆਂ। ਤੇਰ੍ਹਵੇਂ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੜਾਹ ਪ੍ਰਸ਼ਾਦਿ ਦੀ ਦੇਗ ਚੜ੍ਹਾ ਕੇ ਅਰਦਾਸਾ ਸੁਧਾਇਆ ਤੇ ਨਾਮ ਤੇਗ ਸਿੰਘ ਰਖਿਆ। ਚਾਲੀ ਦਿਨਾਂ ਮਗਰੋਂ ਫਿਰ ਊਨੇ ਸਾਹਿਬ ਜਾ ਕੇ ਸਾਹਿਬਜ਼ਾਦੇ ਨੂੰ ਬਾਬਾ ਕਲਾਧਾਰੀ ਜੀ ਦੇ ਦਰਬਾਰ ਵਿਚ ਨਿਮਸਕਾਰ ਕਰਾਈ ਅਤੇ ਖੁਸ਼ੀਆਂ ਕੀਤੀਆਂ।

ਸ੍ਰੀ ਬਾਬਾ ਜੀ ਦੇ ਊਨੇ ਸਾਹਿਬ ਆਉਣ ਉੱਤੇ ਨਗਰ ਵਾਸੀਆਂ ਨੂੰ ਬਹੁਤ ਖੁਸ਼ੀ ਹੋਈ, ਰੌਣਕ ਵਧ ਗਈ ਅਤੇ ਦੂਰ ਨੇੜੇ ਦੀਆਂ ਸੰਗਤਾਂ ਨੇ ਜਿਉਂ ਜਿਉਂ ਸੁਣਿਆ ਸੀ ਉਤਸ਼ਾਹ ਨਾਲ ਭਰੇ ਹੋਇਆਂ ਆਣ ਕੇ ਦਰਸ਼ਨ ਕੀਤੇ ਤੇ ਭੇਟਾ ਦਿਤੀਆਂ। ਗਵਾਂਢੀ ਪਹਾੜੀ ਰਾਜਿਆਂ, ਰਈਸਾਂ ਨੇ ਵੀ ਸੁਣਿਆ ਤਾਂ ਰਾਜਾ "ਉਮੀਦ ਸਿੰਘ ਜਸਵਾਲੀਏ" ਅਤੇ ਇਸਦੇ ਭਰਾਤਾ ਸੰਸਾਰ ਚੰਦ ਆਦਿਕ ਤੇ ਦੂਜੀ ਵਲੋਂ ਰਾਜਾ "ਰਾਮ ਸਰਨ ਹੰਡੂਰੀਏ" ਤੇ "ਕਹਲੂਰ" ਪੱਤੀ "ਮਹਾਂ ਚੰਦ", ਅਤੇ ਕੁਟਲੈਹੜੀ ਦੇ ਰਾਜਾ ਅੰਮ੍ਰਿਤਪਾਲ ਆਦਿਕ ਸਾਰੇ ਆਏ—ਤੇ ਅਸੀਸਾਂ ਪਾਈਆਂ। ਇਸੇ ਤਰ੍ਹਾਂ ਸਿੱਖ ਸਰਦਾਰਾਂ ਵਿਚੋਂ ਡੱਲੇਵਾਲ ਦੇ ਸਰਦਾਰ ਹਰੀ ਸਿੰਘ, ਤੇ ਸਿੰਘ ਪੁਰੀਏ ਸਰਦਾਰ ਬੁੱਧ ਸਿੰਘ ਆਦਿਕ ਵੀ ਆਏ। ਜਿਨ੍ਹਾਂ ਨੇ ਨਕਦੀ, ਜੇਵਰ, ਬਸਤ੍ਰ-ਸ਼ਸਤ੍ਰ ਅਤੇ ਘੋੜੇ ਆਦਿਕ ਦੀਆਂ ਭੇਟਾ ਅਰਪਨ ਕੀਤੀਆਂ। ਬਾਬਾ ਜੀ ਨੇ ਸਭਨਾਂ ਦੀ ਯਥਾ ਯੋਗ ਆਉ ਭਗਤ ਕਰਾਈ ਤੇ ਭੇਟਾ ਪ੍ਰਵਾਨ ਕਰਦੇ ਹੋਏ ਗੁਰੂ ਘਰ ਵਲੋਂ ਸਿਰੋਪਾਉ ਦੀਆਂ ਬਖਸ਼ਿਸ਼ਾਂ ਕੀਤੀਆਂ।

ਬਾਬਾ ਜੀ ਨੇ ਊਨੇ ਪੁਜ ਕੇ ਐਤਕੀ ਕਈ ਵਡੀਆਂ ਇਮਾਰਤਾਂ ਬਣਵਾਈਆਂ। ਸਭ ਤੋਂ ਪਹਿਲੇ ਅਰਦਾਸਾ ਸੁਧਾ ਕੇ ਕਿਲ੍ਹੇ ਦੀ ਨੀਂਹ ਧਰਾਈ। ਬੇ-ਅੰਤ ਕੜਾਹ ਪ੍ਰਸ਼ਾਦ ਵੰਡਾਇਆ, ਦਾਨ ਕੀਤਾ। ਨਗਾਰੇ ਦੀਆਂ ਚੋਟਾਂ ਕਰਾਈਆਂ, ਜੋ ਉਤਸ਼ਾਹ ਨਾਲ ਹਜ਼ਾਰਾਂ ਸਿਆਣੇ ਰਾਜਾਂ ਅਤੇ ਸਿਖ ਸੰਗਤਾ ਨੇ ਦੋ ਤਿੰਨ ਸਾਲਾਂ ਅੰਦਰ ਹੀ ਤਿਆਰ ਕਰ ਦਿਤਾ। ਇਸ ਤੋਂ ਪਿਛੋਂ ਬਾਬਾ "ਕਲਾਧਾਰੀ ਦਰਬਾਰ" ਦੀ ਰਚਨਾ ਅਤੇ ਰਿਹਾਇਸ਼ੀ ਮੰਦਰ ਲੰਗਰ ਤਬੇਲੇ, ਮੁਸਾਫਰ ਖਾਨੇ, ਦੀਵਾਨ ਖਾਨੇ ਆਦਿਕ ਇਮਾਰਤਾਂ ਸਮੇਂ ੨ ਲੋੜ ਅਨੁਸਾਰ ਨਾਲੋ ਨਾਲ ਤਿਆਰ ਕਰਵਾਈਆਂ ਤੇ ਕਈ ਸਾਲ ਕੰਮ ਹੁੰਦਾ

ਰਿਹਾ, ਅਤੇ ਮੁਕੱਨ ਉਤੇ ਯਥਾ ਯੋਗ ਥਾਂਵਾਂ ਸਭਨਾਂ ਨੂੰ ਵਸੇਵੇ ਲਈ ਵੰਡ ਦਿਤੀਆਂ ।

ਆਏ ਗਏ ਸਾਧੂ ਸੰਤਾਂ ਲਈ ਵਖਰੀ ਧਰਮਸਾਲਾ ਬਣਵਾਈ ਜਿਸ ਦਾ ਲੰਗਰ ਪ੍ਰਬੰਧ ਭਾਈ "ਬਲੂ" ਜੀ ਦੇ ਹਵਾਲੇ ਕੀਤਾ ਤੇ ਭਾਈ "ਆਡੂ ਰਾਮ" ਨੂੰ ਇਹਨਾਂ ਦਾ ਸਹਾਇਕ ਥਾਪਿਆ, ਜਿਨ੍ਹਾਂ ਨੇ ਪਿਛੋਂ ਇਕ ਹੋਰ ਵਖਰੀ ਧਰਮਸ਼ਾਲਾ ਬਣਵਾਈ, ਇਸੇ ਤਰ੍ਹਾਂ "ਬਾਬਾ ਕਲਾਧਾਰੀ ਦਰਬਾਰ" ਦੀ ਸੇਵਾ ਭਾਈ "ਰਾਮ ਦਿਆਲੇ" ਦੇ ਸਪੁਰਦ ਕੀਤੀ, ਤੇ ਇਹਨਾਂ ਸਾਰਿਆਂ ਰਾਹੀਂ ਲੰਗਰ ਆਦਿਕ ਦਾ ਪ੍ਰਬੰਧ ਚਲਦੇ ਦੇਖ ਕੇ ਬਾਬਾ ਜੀ ਬਹੁਤ ਪ੍ਰਸੰਨ ਹੁੰਦੇ ਫਿਰ ਆਪ ਜੀ "ਖੱਡ-ਤੀਕ-84 ਪੌੜੀਆਂ ਬਣਵਾਈਆਂ, ਜਿਨ੍ਹਾਂ ਰਾਹੀਂ ਹੇਠਾਂ ਉਤਰ ਕੇ ਸਾਧ ਸੰਗਤ ਖੱਡ ਵਿਚ ਇਸ਼ਨਾਨ ਕਰਿਆ ਕਰਦੀ ।

# ਹੁਜ਼ਰੇ ਦੇ ਸੱਯਦਾਂ ਨੂੰ ਨਜ਼ਰਬੰਦ ਕੀਤਾ

ਅਸੀਂ ਪਿਛੇ ਦੱਸ ਆਏ ਹਾਂ ਕਿ ਕਸੂਰ ਦੀ ਫਤੇ ਪਿਛੋਂ "ਹੁਜੱਰੇ" ਦਾ ਇਲਾਕਾ ਜੋ "ਹੁਣ ਤਾਸੀਲ ਦੀਪਾਲਪੁਰ ਵਿਚ ਹੈ" ਸਰਦਾਰ ਰਣਜੀਤ ਸਿੰਘ ਨੇ ਬਾਬਾ ਜੀ ਨੂੰ ਭੇਟਾ ਕੀਤਾ ਸੀ । ਹਜ਼ੂਰ ਨੇ ਉੱਥੇ ਇਕ ਕੱਚਾ ਕਿਲ੍ਹਾ ਵੀ ਬਣਵਾਇਆ ਸੀ, ਜਿਥੇ ਥਾਣਾ ਪਾ ਕੇ ਇਲਾਕੇ ਨੂੰ ਕਾਬੂ ਵਿਚ ਰਖਿਆ ਜਾ ਸਕੇ । ਇਥੇ ਪਹਿਲੇ ਮੁਸਲਮਾਨਾਂ ਦੇ ਪੀਰ ਸੱਯਦ "ਸ਼ਾਹ ਮੁਕੀਮ" ਦਾ ਹੁਜੱਰਾ (ਖਾਨਗਾਹ) ਸੀ ਜਿਸ ਤੇ ਇਹ ਇਲਾਕਾ ਹੀ ਹੁਜੱਰਾ ਨਾਮ ਨਾਲ ਮਸ਼ਹੂਰ ਸੀ । ਇਸ ਸੱਯਦ ਦੀ ਪੀਰ ਮੁਰੀਦੀ ਮਿੰਟਗੁਮਰੀ ਤੋਂ ਲੈ ਕੇ ਰਿਆਸਤ ਬਹਾਵਲਪੁਰ ਤੀਕ ਫੈਲੀ ਹੋਈ ਸੀ । ਬਾਬਾ ਜੀ ਦੇ ਇਸ ਜ਼ਮਾਨੇ ਵਿਚ ਪੀਰ "ਕੁਰਬਾਨ ਅਲੀਸ਼ਾਹ" ਇਸ ਗੱਦੀ ਦੇ ਮਾਲਕ ਸਨ, ਜਿਨ੍ਹਾਂ ਦੀ ਇਧਰ ਦੇ ਖਰਲ, ਅਤੇ ਵੱਟੂ-ਜਾਤੀ ਦੇ ਜੱਟਾਂ ਵਿਚ ਚੰਗੀ ਮਾਨਤਾ ਸੀ ।

ਜਦੋਂ "ਹੁਜੱਰਾ" ਤੇ "ਬਸੀਰ ਪੁਰ" ਬਾਬਾ ਜੀ ਦੇ ਕਬਜ਼ੇ ਵਿਚ ਆਇਆ ਸੀ, ਇਧਰ ਦੇ ਲੋਕਾਂ ਨੇ ਤਾਬੇਦਾਰੀ ਮੰਨ ਲਈ ਸੀ, ਪਰ ਥੋੜੇ ਹੀ ਸਮੇਂ ਮਗਰੋਂ "ਪੀਰ ਕੁਰਬਾਨ ਅਲੀ" ਨੇ ਆਪਣੇ ਮਰੀਦਾਂ ਨੂੰ ਮੁਠ ਵਿਚ ਕਰ ਕੇ ਬਗਾਵਤ ਕਰ ਦਿਤੀ । ਜਿਸ ਤੇ ਬਾਬਾ ਬਿਸ਼ਨ ਸਿੰਘ ਜੀ ਨੂੰ ਇਨ੍ਹਾਂ ਉਤੇ ਕਾਬੂ ਪਾਣ ਲਈ ਭੇਜਿਆ ਗਿਆ। ਇਹਨਾਂ ਦੇ ਪੁੱਛਣ ਉਤੇ ਉਹਨਾਂ ਦਸਿਆ—ਕਿ ਸਾਡੀਆਂ ਮੱਝਾਂ ਗਊਆਂ ਦੇ ਵੱਗ ਬੈਠੇ ਹੁੰਦੇ ਹਨ, ਤੇ ਤੁਸਾਡੇ ਸਿਖ ਘੋੜੇ ਕੁਦਾਂਦੇ ਪਾਸੋਂ ਲੰਘਦੇ ਹਨ, ਉਹਨਾਂ ਉਤੇ ਮਿੱਟੀ ਪੈਂਦੀ ਹੈ ਨਾਲੇ ਮੱਝਾਂ ਗਾਈਆਂ ਨੂੰ ਭਾਜੜ ਪੈ ਜਾਂਦੀ ਹੈ । ਤਾਂ ਬਾਬਾ ਬਿਸ਼ਨ ਸਿੰਘ ਜੀ ਨੇ ਆਖਿਆ—ਮਿੱਟੀ ਤਾਂ ਪਸ਼ੂਆਂ ਦਾ ਸਿੰਗਾਰ ਹੈ, ਇਹ ਕੋਈ ਤਸੱਲੀ ਬਖਸ਼ ਉੱਤਰ ਨਹੀਂ ਹੈ । ਅਗੋਂ ਲਈ ਤੁਸਾਨੂੰ ਸ਼ਰਾਰਤਾਂ ਬੰਦ ਕਰ ਕੇ ਸਿੰਘਾ ਨਾਲ ਮੇਲ ਰਖਣਾ ਪਵੇਗਾ ਨਹੀਂ ਤਾਂ ਚੰਗੀ ਗੱਲ ਨਹੀਂ ਹੋਵੇਗੀ ।

ਇਹ ਗੱਲ "ਕੁਰਬਾਨ ਅਲੀਸ਼ਾਹ" ਨੂੰ ਕੱੜਵੀ ਲਗੀ ਤੇ ਆਪਣੇ ਮਰੀਦਾਂ ਨੂੰ ਵੰਗਾਰ ਕੇ ਕਿਲ੍ਹੇ ਉਤੇ ਹੱਲਾ ਕਰਾ ਦਿੱਤਾ । ਪਰ ਬਾਬਾ ਬਿਸ਼ਨ ਸਿੰਘ ਪਾਸ ਵੀ ਭਾਵੇਂ ਥੋੜੇ ਹੀ ਸਿੰਘ ਸਵਾਰ ਸਨ, ਤੇ ਇਹ ਪਤਾ ਨਹੀਂ ਸੀ ਕਿ ਇਹ ਲੋਕ ਆਕੀ ਹੋ ਜਾਣਗੇ । ਫਿਰ ਵੀ ਚੰਗੇ ਲੜੇ, ਤੇ ਕਈ ਦਿਨਾਂ ਦੇ ਘੇਰੇ ਨੂੰ ਤੋੜ ਕੇ ਜਦੋਂ ਕਿਲ੍ਹਿਉਂ ਬਾਹਰ ਨਿਕਲੇ ਤਾਂ ਸਿੰਘਾਂ ਵਲੋਂ ਬਿਜਲੀ ਦੀ ਤਰ੍ਹਾਂ ਐਸੀ ਭਗਉਤੀ ਚਮਕਾਈ ਗਈ, ਜੋ ਤੁਰਕਾਂ ਨੂੰ ਨੱਸ ਭੱਜ ਜਾਣ ਤੋਂ ਬਿਨਾਂ ਬਚਾਉ ਦੀ ਹੋਰ ਕੋਈ ਸੂਰਤ ਨਜ਼ਰ ਨ ਆਈ । ਜੋ ਅੜੇ ਰਹੇ—ਮਾਰੇ ਗਏ, ਅਤੇ ਪੀਰ "ਕੁਰਬਾਨ ਆਲੀਸ਼ਾਹ" ਤੇ ਇਸ ਦਾ ਇਕ ਸਾਥੀ ਸਿਯਦ ਸੀ, ਆਪਣੇ ਕੁਝ ਮਰੀਦਾਂ ਸਮੇਤ ਪਕੜੇ ਗਏ । ਜਿਨ੍ਹਾਂ ਨੂੰ ਕੈਦ ਕਰ ਕੇ "ਦੱਖਣੀ" ਕਿਲ੍ਹੇ ਵਿਚ ਭੇਜ ਦਿਤਾ ਗਿਆ, ਇਥੋਂ ਦੇ ਪ੍ਰਬੰਧ ਨੂੰ ਪਕਿਆਂ ਕਰਾ ਕੇ ਬਾਬਾ ਬਿਸ਼ਨ ਸਿੰਘ ਜੀ ਨੇ ਮੁੜ ਆਪਣੇ ਪੂਜਯ ਪਿਤਾ ਬਾਬਾ ਸਾਹਿਬ ਸਿੰਘ ਜੀ ਪਾਸ ਪੁੱਜ ਕੇ ਸਾਰੀ ਬੀਤੀ ਵਾਰਤਾ ਆਖ ਸੁਣਾਈ, ਜਿਸ ਤੇ ਹਜ਼ੂਰ ਇਹਨਾਂ ਦੀ ਬਹਾਦਰੀ ਉਤੇ ਬਹੁਤ ਪ੍ਰਸੰਨ ਹੋਏ । ਉਕਤ ਦੋਹਾਂ ਸੱਯਦਾਂ ਦੇ ਕੈਦ ਹੋ ਜਾਣ ਪਿਛੋਂ ਇਹਨਾਂ ਦੇ ਮੁਰੀਦਾਂ ਨੇ ਛੁਡਾਉਣ ਵਾਸਤੇ ਇਕ ਲੱਖ ਰੁਪਿਆ ਵੀ ਬਾਬਾ ਜੀ ਦੇ ਪੇਸ਼ ਕੀਤਾ ਤੇ ਈਨ ਵਿਚ ਰਹਿਣ ਲਈ ਕਈ ਕਸਮਾਂ ਵੀ ਖਾਧੀਆਂ ਸਨ, ਪਰ ਬਾਬਾ ਜੀ ਨੇ ਛੱਡਣ ਤੋਂ

ਇਨਕਾਰ ਕਰ ਦਿਤਾ ਆਖਿਆ—ਇਕ ਵੇਰ ਤੁਸਾਡੇ ਇਕਰਾਰਾਂ ਨੂੰ ਪਰਤਾ ਕੇ ਦੇਖ ਲਿਆ ਹੈ—

ਇਨ੍ਹੀ ਦਿਨੀਂ 'ਰਾਜਾ ਨਿਹਾਲ ਸਿੰਘ ਜੀ' ਕਪੂਰਥਲੇ ਵਾਲੋ ਪਾਸ ਇਕ "ਗਾਇਕ ਵੇਸ਼ਵਾ" ਰਹਿੰਦੀ ਸੀ, ਜੋ ਪੀਰ "ਕੁਰਬਾਨ ਅਲੀਸ਼ਾਹ" ਦੀ ਮੁਰੀਦਨੀ ਸੀ। ਜਿਸ ਨੇ ਰਾਜਾ ਨਿਹਾਲ ਸਿੰਘ ਰਾਹੀਂ, ਸ: ਚੜ੍ਹਤ ਸਿੰਘ (ਜੋ ਮਾਈ ਅਨੰਤੀ ਦਾ ਪੁੱਤਰ, ਤੇ ਹਜ਼ੂਰ ਵਲੋਂ ਦੱਖਣੀ ਕਿਲ੍ਹੇ ਦਾ ਪ੍ਰਬੰਧਕ ਸੀ) ਨਾਲ ਗੰਢ ਤੁੱਪ ਕਰਕੇ ਆਪਣੇ ਪੀਰਾਂ ਨਾਲ ਚਿੱਠੀ ਪੱਤਰ ਦਾ ਪ੍ਰਬੰਧ ਕੀਤਾ। ਇਕ ਖਾਸ ਦਿਨ ਨੀਅਤ ਕਰਕੇ ਲਿਖ ਭੇਜਿਆ—ਕਿ ਅੱਧੀ ਰਾਤ ਨੂੰ ਜਾਗਦੇ ਰਹਿਣਾਂ ਤੇ ਕਿਲ੍ਹੇ ਦੀ ਦੀਵਾਰ ਤੋਂ ਸਾਡੇ ਰੱਸਾ ਸੁੱਟਣ ਸਮੇਂ ਰੱਸਾ ਫੜ ਕੇ ਬਾਹਰ ਨਿਕਲ ਆਉਣਾਂ।

ਹੁਣ ਜਦੋਂ ਦਸੇ ਵੇਲੇ ਉਤੇ ਕਿਲ੍ਹੇ ਦੀ ਕੰਧਾਂ ਉਤੋਂ ਰਾਤ ਨੂੰ ਰੱਸਾ ਸੁੱਟ ਮੁਰੀਦਾਂ ਵਲੋਂ ਕੁਰਬਾਨ ਅਲੀਸ਼ਾਹ ਆਖ ਕੇ ਅਵਾਜ਼ ਮਾਰੀ ਤਾਂ ਹੋਰ ਕੈਦੀਆਂ ਵਿਚੋਂ ਇਕ ਬੰਦਾ ਜੋ ਜਾਗਦਾ ਸੀ ਝੱਟ ਆਪਣਾ ਨਾਮ ਕੁਰਬਾਨ ਅਲੀਸ਼ਾਹ ਦਸ ਕੇ ਰਸਾ ਫੜ ਬਾਹਰ ਨਿਕਲ ਗਿਆ। ਦੂਜੀ ਵੇਰ ਇਸੇ ਤਰ੍ਹਾਂ ਦੂਜੇ ਇਕ ਹੋਰ ਕੈਦੀ ਨੇ ਰਸੇ ਨੂੰ ਫੜਿਆ ਅਤੇ ਜਦੋਂ ਉਤੇ ਖਿਚਿਆ ਜਾਣ ਲਗਾ ਸੀ, ਅਸਲੀ ਕੁਰਬਾਨ ਅਲੀ ਸ਼ਾਹ ਤੇ ਉਸਦੇ ਸਾਥੀ ਨੇ ਦੌੜ ਕੇ ਫੜ ਲਿਆ, ਤੇ ਆਖਿਆ—ਪਹਿਲਾ ਬੰਦਾ ਵੀ ਧੋਖੇ ਨਾਲ ਨਿਕਲ ਗਿਆ ਤੇ ਅਸਲੀ ਸਯੱਦ ਅਸੀਂ ਹਾਂ। ਸਾਡੇ ਲਈ ਇਹ ਉਦਮ ਕੀਤਾ ਗਿਆ ਹੈ। ਇਹਨਾਂ ਦੇ ਇਸ ਤਕਰਾਰ ਉਤੇ ਦੂਰ ਤੋਂ ਚੌਕੀਦਾਰਾਂ ਨੂੰ ਪਤਾ ਲੱਗ ਗਿਆ, ਤੇ ਇਹਨਾਂ ਨੂੰ ਚੋਰ ਜਾਣ ਕੇ ਬੰਦੂਕ ਦੀ ਗੋਲੀ ਨਾਲ ਮਾਰ ਦਿਤਾ।

ਸਵੇਰ ਹੋਈ ਤਾਂ ਘੋੜ ਸਵਾਰ ਦੁੜਾ ਕੇ ਇਸ ਸਾਰੀ ਗਲਬਾਤ ਦਾ ਪਤਾ ਸ੍ਰੀ ਬਾਬਾ ਜੀ ਨੂੰ ਕਰਾਇਆ, ਤਾਂ ਆਪ ਨੇ ਇਹਨਾਂ ਨੂੰ ਦੱਖਣੀ ਕਿਲ੍ਹੇ ਅੰਦਰ ਦਫਨਾ ਦੇਣ ਦੀ ਆਗਿਆ ਕੀਤੀ। ਪਰ ਮੁਰੀਦਾਂ ਵਲੋਂ ਫਿਰ ਵੀ ਇਹ ਯਤਨ ਜਾਰੀ ਰਹੇ, ਕਿ ਕਿਸੇ ਤਰ੍ਹਾਂ ਇਹਨਾਂ ਦੀਆਂ ਲਾਸ਼ਾਂ ਨੂੰ ਇਥੋਂ ਕੱਢਵਾ ਕੇ ਹੁਜਰ ਲਿਜਾਇਆਂ ਜਾਏ ਪਰ ਬਾਬਾ ਜੀ ਨੇ ਐਸਾ ਨ ਕਰਨ ਦਿਤਾ।

# ਸੰਸਾਰ ਚੰਦ ਜਸੱਵਾਲੀ ਦੇ ਲੜਕੇ ਨਾਲ ਮੁਠ ਭੇੜ

ਐਤਕੀ ਊਨੇ ਪੁੱਜ ਕੇ ਬਾਬਾ ਜੀ ਨੇ ਬੜੇ ਜ਼ਰੂਰੀ ਤੇ ਲੋੜੀਂਦੇ ਕਈ ਕੰਮ ਸਿਰੇ ਚੜ੍ਹਾਏ ਤੇ ਥੋੜੇ ਸਮੇਂ ਅੰਦਰ ਹੀ ਨਗਰ ਦੀ ਮਾਨੋਕਾਇਆ ਪਲਟ ਦਿਤੀ ਸੀ। ਸੁੰਦਰ ਕਿਲ੍ਹਾ-ਧਰਮਸਾਲਾ, ਮੰਦਰ, ਸਰਾਂਈਂ ਤਬੇਲੇ ਤੇ ਬਜਾਰਾਂ ਦੀ ਨਵੀਂ ਬਣਤਰ ਨੇ ਊਨੇ ਨੂੰ ਤੱਕੜੇ ਸ਼ਹਿਰ ਦੀ ਤੁਲੱਤਾਂ ਦੇ ਦਿਤੀ ਸੀ। ਜਿਸ ਕਰਕੇ ਊਨਾਂ ਸਾਹਿਬ ਸ੍ਰੀ ਬਾਬਾ ਜੀ ਦੀ ਪੱਕੀ ਰਾਜਧਾਨੀ ਬਣ ਗਿਆ, ਤੇ ਦੂਰ ਦੂਰ ਦੇ ਬਿਉਪਾਰੀਆਂ ਨੇ ਆ ਕੇ ਹਰ ਤਰ੍ਹਾਂ ਦੇ ਸੌਦੇ ਦੀਆਂ ਦੁਕਾਨਾਂ ਸਜਾ ਲਈਆਂ ਤੇ ਹਜ਼ਾਰਾਂ ਲੱਖਾਂ ਦਾ ਬਿਊਪਾਰ ਵੱਧ ਗਿਆ ਸੀ, ਜਿਸ ਕਰਕੇ ਬਿਉਪਾਰੀ ਤੇ ਮਜ਼ਦੂਰ ਲੋਕੀਂ ਛੇਤੀ ਹੀ ਖੁਸ਼ਹਾਲ ਹੋ ਗਏ ਸਨ।

ਇਥੇ ਊਨੇ ਸਾਹਿਬ ਦੀ ਰੌਣਕ ਤੇ ਬਿਉਪਾਰ, (ਤਜਾਰਤ) ਦੇ ਏਨੀ ਛੇਤੀ ਵੱਧ ਜਾਣ ਦਾ ਅਸਰ ਨਾਲ ਦੀਆਂ ਲਗਦੀਆਂ ਥਾਂਵਾਂ ਤੇ ਜ਼ਰੂਰੀ ਹੋਣਾਂ ਸੀ। ਜਿਸ ਤੋਂ "ਸੰਸਾਰ ਚੰਦ" ਜਸਵਾਲੀਏ ਦਾ ਜਿੱਗਰਾ ਥਾਂਇ ਨ ਰਿਹਾ, ਕਿਉਂਕਿ ਵਧੇਰੇ ਕਸਰ ਇਸੇ ਨੂੰ ਲਗਣੀ ਸੀ। ਇਹ ਪਾਪ ਦੀ ਸੋਚਣ ਲਗਾ, ਕਿ ਜਿਸ ਤਰ੍ਹਾਂ ਵੀ ਹੋਵੇ? ਹੁਣੇ ਕਿਲ੍ਹੇ ਨੂੰ ਢਾਹ ਕੇ ਸ਼ਹਿਰ ਨੂੰ ਉਜਾੜ ਦਈਏ, ਤਾਂ ਚੰਗਾ ਹੈ—ਕਿ ਡਰ ਦੇ ਮਾਰੇ ਲੋਕੀਂ ਚਲੇ ਜਾਣ ਤੇ ਮੁੜ ਇਥੇ ਨਾ ਆਉਣਗੇ। ਇਸ ਬੁਰੀ ਚਿਤਾਵਨੀ ਨਾਲ ਚੁੱਪ ਚਪੀਤੇ ਊਨੇ ਉਤੇ ਚੜ੍ਹਾਈ ਕਰ ਦਿੱਤੀ।

ਸ੍ਰੀ ਬਾਬਾ ਜੀ ਨੂੰ ਜਦੋਂ ਪਤਾ ਹੋਇਆ ਤਾਂ ਕਚਿਆਂ ਦੀ ਕਚਿਆਈ ਉਤੇ ਮੁਸਕਰਾਏ ਤੇ ਆਪਣੇ ਸਪੁੱਤਰ ਟਿੱਕਾ

ਬਿਸ਼ਨ ਸਿੰਘ ਨੂੰ ਮੁਕਾਬਲੇ ਉਤੇ ਭੇਜ ਦਿਤਾ । ਜਿਸ ਨੇ ਸਿੰਘਾਂ ਦੀ ਭੀੜ ਨਾਲ "ਗੁਰੂ ਸਰ" ਦੇ ਨੇੜੇ ਜਾ ਕੇ ਇਹਨਾਂ ਦਾ ਅਗਾ ਰੋਕਿਆ, ਤੇ ਪੂਰੇ ਜ਼ੋਰ ਦਾ ਮੁਕਾਬਲਾ ਕੀਤਾ, ਤੇ ਕਈ ਆਦਮੀ ਦੁਸ਼ਮਣਾਂ ਦੇ ਨਕਸਾਨ ਕਰਕੇ ਉਹਨਾਂ ਦੇ ਕੈਂਪ ਵਿਚ ਭਾਜੜ ਪਾ ਦਿਤੀ। ਅਜੇ ਉਹ ਸੰਭਲੇ ਨਹੀਂ ਸਨ ਕਿ ਦੂਜੇ ਹੱਲੇ ਨਾਲ ਹੀ ਮੋਰਚਾ ਸਰ ਕਰਕੇ ਉਨ੍ਹਾਂ ਨੂੰ ਨੱਸਾ ਦਿੱਤਾ । ਬਹੁਤ ਕੁਝ ਉਹਨਾਂ ਦਾ ਜੰਗੀ ਸਾਮਾਨ ਤੇ ਲੰਗਰ ਵਾਲੇ ਬਰਤਨ ਵੀ ਲੁੱਟ ਲਿਆਂਦੇ, ਤੇ ਜਿੱਤ ਦੇ ਨਗਾਰੇ ਵਜਾ ਕੇ ਊਨੇ ਆਣ ਵੜੇ । ਟਿੱਕਾ ਬਾਬਾ ਬਿਸ਼ਨ ਸਿੰਘ ਦੀ ਇਸ ਬਹਾਦਰੀ ਉਤੇ ਪਿਤਾ ਬਾਬਾ ਸਾਹਿਬ ਸਿੰਘ ਬਹੁਤ ਖੁਸ਼ ਹੋਏ ਤੇ ਪਹਾੜੀਆਂ ਦੀ ਮੱਤ ਉਤੇ ਹਾਸੀ ਕੀਤੀ ।

## ਮਾਈ ਅਨੰਤੀ ਨੂੰ ਇਸ ਦੇ ਪੁੱਤਰ ਚੜ੍ਹਤ ਸਿੰਘ ਪਾਸ ਭੇਜ ਦਿਤਾ

ਅਸੀਂ ਪਿਛੇ ਦੱਸ ਆਏ ਹਾਂ, ਜੋ ਮਾਈ ਅਨੰਤੀ ਚਿਰ ਤੋਂ ਬਾਬਾ ਜੀ ਪਾਸ ਰਹਿੰਦੀ ਸੀ ਪਰ ਹੁਣ ਕੁਝ ਚਿਰ ਤੋਂ ਬਾਬਾ ਜੀ ਦੀ ਧਰਮ ਪਤਨੀ (ਮਾਤਾ ਅਕੋ ਜੀ) ਨਾਲ ਨਹੀਂ ਸੀ ਬਣਦੀ ਤੇ ਖੱਟ ਪੱਟ ਲਗੀ ਰਹਿੰਦੀ ਸੀ । ਜਦੋਂ ਤੀਕ ਇਹ ਵੀ ਸੁੱਧ ਆਤਮੇਂ ਅਤ ਸਬਰ ਸੰਤੋਖ ਵਿਚ ਰਹੀ, ਬਾਬਾ ਜੀ ਇਸ ਦਾ ਪੂਰਾ ਧਿਆਨ ਰਖਦੇ ਰਹੇ, ਪਰ ਜਿਸ ਦਿਨ ਤੋਂ ਬਾਬਾ ਜੀ ਦੇ ਮਹਲਾਂ ਨਾਲ ਵਿਗਾੜ ਹੋਇਆ, ਮੂੰਹੋਂ ਕੁਝ ਨ ਕਹਿੰਦੀ, ਪਰ ਅੰਦਰੋਂ ਕੁੜਦੀ ਰਹਿੰਦੀ ਸੀ । ਬਾਬਾ ਜੀ ਇਸ ਸਾਰੀ ਗੱਲ ਬਾਤ ਤੋਂ ਜਾਣੂੰ ਸਨ ਤੇ ਚਾਹੰਦੇ ਕਿ ਸਾਹਿਬਜ਼ਾਦੇ ਦੀ ਮਾਤਾ ਤੇ ਮਾਈ ਅਨੰਤੀ ਦੀ ਫਿਰ ਬਣ ਸਕੇ, ਪਰ ਇਸ ਵਿਚ ਸਫਲਤਾ ਨਾ ਦੇਖੀ। ਤਾਂ ਅਨੰਤੀ ਨੂੰ ਬੁਲਾ ਕੇ ਇਕ ਦਿਨ ਆਖਿਆ-ਦੇਖੋ ਮਾਈ ਜੀ ! ਅਸਾਂ ਨੇ ਪਹਿਲੇ ਦਿਨ ਤੋਂ ਤੁਹਾਨੂੰ ਮਾਈ ਆਖ ਕੇ ਬੁਲਾਇਆ, ਤੇ ਲਿਆਂਦਾ ਸੀ, ਤੁਸੀਂ ਵੀ ਤਨ ਮਨ ਕਰ ਕੇ ਇਸ ਘਰ ਦੀ ਸੇਵਾ ਕੀਤੀ ਪਰ ਜਿਸ ਦਿਨ ਤੋਂ ਹੁਣ ਸਾਹਿਬਜ਼ਾਦੇ ਦੀ ਮਾਤਾ ਅਤੇ ਤੇਰੀ ਆਪੋ ਵਿਚ ਅਣ ਬਣ ਹੋ ਰਹੀ ਹੈ ਉਸ ਦਿਨ ਥੀਂ ਕੁਝ ਵਧੀਕੀਆਂ ਤੇਰੀਆਂ ਵੀ ਸਾਹਮਣੇ ਆ ਰਹੀਆਂ ਹਨ । 'ਹੁਜ਼ੱਰੇ ਦੇ ਪੀਰਾਂ' ਨੂੰ ਛੁਡਾਉਣ ਵਿਚ ਵੀ ਤੇਰਾ ਅਤੇ ਤੇਰੇ ਪੁੱਤਰ ਦਾ ਯਤਨ ਜਾਰੀ ਰਿਹਾ, ਕਿਉਂਕਿ ਹੁਜਰੇ ਦੇ ਪੀਰ ਦੱਖਣੀ ਦੇ ਕਿਲ੍ਹੇ ਵਿਚ ਕੈਦ ਸਨ ਤੇ ਇਹਦਾ ਪ੍ਰਬੰਧ ਤੇਰੇ ਪੁੱਤਰ ਚੜ੍ਹਤ ਸਿੰਘ ਦੇ ਹੱਥ ਅਸੀਂ ਸੌਂਪਿਆ ਹੋਇਆ ਸੀ । ਜੋ ਪਹਿਲੇ ਤਾਂ ਚਪੜਾਂਲ ਦਾ ਹਾਕਮ ਆਲ੍ਹਾ ਸੀ ਤੇ ਫੇਰ ਦੱਖਣੀ ਭੇਜ ਦਿਤਾ ਗਿਆ ਸੀ । ਉਹ ਜਾਂਦੀ ਵੇਰੀ 'ਚਪੜਾਲ' ਥੀਂ ਚਾਰ ਲੱਖ ਰੁਪਿਆ ਸਾਡਾ ਨਾਲ ਲੈ ਗਿਆ ਸੀ ਤੇ ਅਜ ਤੀਕ ਹਿਸਾਬ ਨਹੀਂ ਦਿਤਾ । ਪਰ ਤੈਨੂੰ ਮਾਤਾ ਤੁੱਲ ਜਾਣਿਆਂ ਹੈ ਜਿਸ ਕਰ ਕੇ ਤੇਰੇ ਮੂੰਹ ਦੀ ਰਖਦੇ ਰਹੇ । ਫਿਰ ਹੁਜਰੇ ਦੇ ਸਿਯੱਦਾਂ (ਕੁਰਬਾਨ ਅਲੀਸ਼ਾਹ) ਦੇ ਨਾਲ ਜੇਹੜੀ ਗੰਢ ਤੁਪ ਉਸ ਨੇ ਕੀਤੀ ਰਖੀ—ਉਹ ਵੀ ਤੇਰੇ ਪਤੇ ਥੀਂ ਬਾਹਰ ਦੀ ਗੱਲ ਨਹੀਂ ਸੀ । ਇਹ ਦੋਵੇਂ ਗੱਲਾਂ ਸਾਨੂੰ ਅਯੋਗ ਭਾਸੀਆਂ ਹਨ । ਇਸ ਥੀਂ ਵਖਰੇ ਸੁਆਣੀ ਨਾਲ ਵੀ ਤੇਰੀ ਖੱਟ ਪੱਟ ਲਗੀ ਰਹਿੰਦੀ ਹੈ ਤੇ ਘਰ ਵਿਚ ਨਿਤ ਦੀ ਕਲ੍ਹਾ ੨ ਚੰਗੀ ਨਹੀਂ ਹੁੰਦੀ । ਤਾਂਤੇ ਜੋ ਨਿੱਭ ਆਈ ਹੈ, ਬਹੁਤ ਹੈ । ਹੁਣ ਜੋ ਕੁਝ ਤੇਰੇ ਪਾਸ ਹੈ ? ਉਹ ਵੀ ਤੇਰੀ ਵਸਤੂ ਹੈ । ਰੁਪਿਆ, ਜੇਵਰ, ਬਸਤ੍ਰ ਸਭ ਕੁਝ ਆਪਣਾ ਲੈ ਕੇ ਤੁਸੀਂ ਆਪਣੇ ਪੁੱਤਰ ਪਾਸ ਹੀ ਚਲੇ ਜਾਈਏ ਤੇ ਬਾਕੀ ਦਾ ਸਮਾਂ ਉਥੇ ਹੀ ਗੁਜ਼ਾਰੀਏ ।

ਐਸਾ ਸੁਣ ਕੇ ਮਾਈ ਅਨੰਤੀ ਬਹੁਤ ਸ਼ਰਮ ਸਾਰ ਹੋਈ ਤੇ ਸਭ ਕੁਝ ਆਪਣਾ ਸਮੇਟ ਕੇ ਪੁੱਤਰ ਚੜ੍ਹਤ ਸਿੰਘ ਪਾਸ 'ਦੱਖਣੀ' ਚਲੀ ਗਈ ਤੇ ਬਾਬਾ ਜੀ ਊਨੇ ਥੀਂ ਚੱਲ ਕੇ ਦਆਬੇ ਵਿਚ 'ਨੂਰਪੁਰੇ' ਆਪਣੀ ਜਗੀਰ ਵਿਚ ਆਣ ਬਿਰਾਜੇ ।

## ਧੰਨ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ

# 'ਬਾਬਾ ਸ੍ਰੀ ਚੰਦ ਜੀ ਨਿਰਬਾਣ'

(ਬੀਬੀ ਪਰਮਜੀਤ ਕੌਰ ਐਮ.ਏ. ਜਗਰਾਉਂ ਨਿਵਾਸੀ ਦੀ ਕਲਮ ਤੋਂ)

ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ ।
ਕਹੁ ਨਾਨਕ ਮਨ ਭਇਆ ਪ੍ਰਗਾਸਾ ਪਾਇਆ ਪਦੁ ਨਿਰਬਾਣੀ ।

(ਗਉੜੀ ਮਹਲਾ ੫)

ਅਨਦਿਨ ਹਰਿ ਰੰਗ ਹਰਿ ਗੁਣ ਗਾਵੈ ਹਰਿ ਰੰਗੀ ਹਰਿ ਰੰਗਾ ।
ਜਨ ਨਾਨਕ ਨਿਰਬਾਣ ਪਦੁ ਪਾਇਆ ਹਰਿ ਉਤਮ ਹਰਿ ਪਦੁ ਚੰਗਾ । (ਵਡਹੰਸ ਮਹਲਾ ੪)

ਪੰਜਵੀ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦੀ ਰਚਿਤ ਗੁਰਬਾਣੀ ਦੁਆਰਾ, ਬਾਬਾ ਸ੍ਰੀ ਚੰਦ ਜੀ ਨਿਰਬਾਣ ਸਨ । ਆਪ ਜੀ ਦਾ ਜਨਮ ਪਹਿਲੀ ਪਾਤਸ਼ਾਹੀ, ਹਿੰਦੂ ਮੁਸਲਮਾਨਾ ਤੇ ਸਿੱਖਾਂ ਦੇ ਸਾਂਝੇ ਗੁਰੂ ਤੇ ਪੀਰ, ਕਲਯੁਗੀ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ, ਦੇ ਘਰ 1551 ਭਾਦਰੋਂ ਸੁਦੀ 9 ਸ਼ੁਕਲਾ ਪੱਖ ਸ਼ੁਕਰਵਾਰ ਮਾਤਾ ਸੁਲਖਣੀ ਦੀ ਕੁਖੋਂ ਸੁਲਤਾਨ ਪੁਰ ਵਿਖੇ ਹੋਇਆ । ਆਪ ਜੀ ਦੇ ਦਾਦਾ ਜੀ ਪਿੰਡ ਤਲਵੰਡੀ ਦੇ ਪਟਵਾਰੀ ਸਨ ਅਤੇ ਰਾਇ ਬੁਲਾਰ ਦੀ ਸਲਾਹ ਦੁਆਰਾ, ਆਪ ਜੀ ਦੇ ਪਿਤਾ ਗੁਰੂ ਨਾਨਕ ਦੇਵ ਜੀ ਨੂੰ ਕੰਮ ਕਾਰ ਲਈ ਉਹਨਾਂ ਦੀ ਭੈਣ ਬੇਬੇ ਨਾਨਕੀ ਤੇ ਜੀਜਾ ਜੈ ਰਾਮ ਜੀ, ਦੇ ਪਾਸ ਸੁਲਤਾਨ ਪੁਰ ਭੇਜਿਆ ਗਿਆ । ਸੋ ਆਪ ਜੀ ਦਾ ਜਨਮ ਸਥਾਨ ਸੁਲਤਾਨਪੁਰ ਹੀ ਮੰਨਿਆ ਜਾਂਦਾ ਹੈ ।

ਆਪ ਜੀ ਦੇ ਜਨਮ ਤੇ ਬੇਬੇ ਨਾਨਕੀ ਨੇ ਵਧਾਈ ਦੇਣ ਲਗਿਆ ਦਸਿਆ, ਕਿ ਬਾਲਕ ਕੁਝ ਨਿਆਰੇ ਲਖਣਾ ਦਾ ਹੈ, ਇਹਦੇ ਜਨਮ ਸਮੇਂ ਸੁਲਖਣੀ ਮੂਰਛਤ ਹੋਈ ਨੂੰ ਭਗਵਾਨ ਸ਼ਿਵ ਜੀ ਦੇ ਦਰਸ਼ਨ ਹੋਏ ਸਨ । ਦਾਈ ਨੇ ਜਦੋਂ ਗੋਦੀ ਚਕ ਕੇ ਪਾਇਆ ਤਾਂ ਇਹ ਬਾਲਕ ਰੋਣ ਦੀ ਬਜਾਏ ਜ਼ੋਰ ਦੀ ਹਸਿਆ, ਅਤ ਇਸ ਬਾਲਕ ਦੇ ਸਿਰ ਦੇ ਵਾਲ ਸੁਨੈਹਰੀ, ਚਮਕੀਲੇ ਤੇ ਬੱਠੇ ਹੋਏ ਨਿਕੀਆਂ ੨ ਲਿਟਾ ਵਾਗੂੰ ਹਨ । ਸਜੇ ਕੰਨ ਵਿਚ ਗੋਲ ਜਿਹੀ ਮਾਸ ਦੀ ਇਕ ਕੁੱਦਰਤੀ ਮੁੰਦਰਾ ਪਾਈ ਹੋਈ ਹੈ । ਇਸ ਬਾਲਕ ਦੇ ਜਨਮ ਸਮੇਂ, ਸਾਰਾ ਕਮਰਾ ਸੁਗੰਧੀ ਨਾਲ ਭਰਿਆ ਗਿਆ, ਤੇ ਇਸ ਤਰ੍ਹਾਂ ਪ੍ਰਤੀਤ ਹੋਇਆ ਕਿ ਅੰਦਰ ਫੁਲਾਂ ਦੇ ਢੇਰ ਲਗੇ ਹੋਵਨ, ਪਰ ਦਿਖਾਈ ਕੁਝ ਨਹੀਂ ਸੀ ਦਿੰਦਾ। ਇਹ ਸਭ ਕੁਝ ਸੁਣ ਕੇ ਗੁਰੂ ਨਾਨਕ ਦੇਵ ਜੀ ਚੁਪ ਸਨ, ਤੇ ਬੇਬੇ ਜੀ ਦੀ ਵਧਾਈ ਦਾ ਜਵਾਬ ਮੂੰਹ ਤੇ ਮੁਸਕਰਾਹਟ ਦੁਆਰਾ ਹੀ ਸੀ । ਬੇਬੇ ਨਾਨਕੀ ਜੀ ਵੀ ਅੰਗਮੀ ਸੋਝੀ ਦੇ ਮਾਲਕ ਸਨ ਅਤੇ ਇਹਨਾਂ ਦਾ ਅਨੁਮਾਨ ਸੀ, ਕਿ ਮੇਰੇ ਨਿੰਰਕਾਰੀ ਵੀਰ ਦੇ ਘਰ, ਜਿਸ ਸੰਤਾਨ ਨੇ ਜਨਮ ਲਿਆ ਹੈ, ਉਹ ਵੀ, ਮਹਾਨ ਤੇ ਪਵਿਤਰ ਆਤਮਾ ਹੀ ਹੈ ।

ਮਾਤਾ ਸੁਲਖਣੀ ਜੀ ਨੇ ਬਾਲਕ ਦੇ ਸਿਰ ਤੋਂ ਬਾਰ ਬਾਰ ਵਾਰਨੇ ਕਰ ਸ਼ਗਨ ਮਨਾਏ ਅਤੇ ਪੰਡਤ ਨੂੰ ਕੁੰਡਲੀ ਤਿਆਰ ਕਰਨ ਲਈ ਸਦਿਆ ਗਿਆ । ਪੰਡਤ ਨੇ ਬਾਬਾ ਜੀ ਨੂੰ ਬੜਾ ਵਡਭਾਗੀ,ਸ਼ਕਤੀ ਸੰਪਨ ਈਸ਼ਵਰ, ਤੇ ਉਚ ਕੋਟੀ ਦਾ ਪੁਰਸ਼ ਦਸਿਆ ਅਤੇ ਨਾਮ ਸ੍ਰੀ ਚੰਦ ਰਖ ਸੁਨਾਇਆ । ਬਾਬਾ ਜੀ ਦੇ ਦਾਦਾ ਮਹਿਤਾ ਕਾਲੂ ਜੀ ਨੇ, ਜਨਮ ਕੁੰਡਲੀ ਦੇਖ ਕੇ, ਅਤੇ ਨਾਮਕਰਣ ਸੁਣ ਕੇ, ਖੁਸ਼ੀ ਵਿਚ ਝੂਮ ਉਠੇ, ਤੇ ਪੰਡਤ ਜੀ ਨੂੰ ਕਿਹਾ—ਤੁਸੀਂ ਬੜਾ ਸੋਹਣਾ ਢੁਕਵਾਂ ਸਨਾਤਨੀ ਨਾਮਕਰਨ ਕੀਤਾ ਹੈ, ਕੋਈ ਸੰਸਾ ਨਹੀਂ ਰਹਿਣ ਦਿਤਾ, ਜੋ ਅਗੇ ਗੁਰੂ ਨਾਨਕ ਦੇਵ

ਜੀ ਸਮੇਂ ਪਿਆ ਸੀ। ਸੋ ਪੰਡਤ ਦੇ ਇਸ ਸੋਹਣੇ ਤੇ ਫਬਦੇ ਨਾਮਕਰਣ ਤੇ ਕਾਲੂ ਜੀ ਨੇ ਕਾਫੀ ਮਾਤਰਾ ਵਿਚ ਧੰਨ ਪਦਾਰਥ ਭੇਟਾ ਕੀਤਾ।

ਪਿਤਾ ਕਾਲੂ ਜੀ ਨੇ ਬਾਲਕ ਦੇ ਇਸ ਅਸਚਰਜ ਸਵਰੂਪ ਬਾਰੇ ਜਦੋਂ ਬੇਬੇ ਜੀ ਪਾਸੋਂ ਸੁਣਿਆਂ ਤਾਂ, ਉਹਨਾਂ ਦੇ ਮਨ ਵਿਚ ਆਪਣੇ ਪੋਤਰੇ ਨੂੰ ਵੇਖਣ ਦੀ ਲਾਲਸਾ ਪੈਦਾ ਹੋਈ, ਅਤੇ ਉਸੇ ਵੇਲੇ ਬਾਲਕ ਨੂੰ ਮੰਗਵਾ ਕੇ ਚੁਕਿਆ ਤੇ ਚੁੰਮਿਆ, ਕੰਨ ਦੀ ਕੁਦੱਰਤੀ ਮੁੰਦ੍ਰਾ ਨੂੰ ਵੇਖ ਕੇ, ਰਜ ਕੇ ਪਿਆਰ ਕੀਤਾ, ਅਤੇ ਘੁਟ ਕੇ ਛਾਤੀ ਨਾਲ ਲਾ ਲਿਆ, ਤੇ ਛਾਤੀ ਤੇ ਲਿਟਾ ਕੇ ਉਸੇ ਤਰ੍ਹਾਂ ਮੰਜੇ ਤੇ ਲੇਟ ਗਏ। ਪੁਰਾਤਨ ਗ੍ਰੰਥਾਂ ਤੋਂ ਪਤਾ ਚਲਦਾ ਹੈ ਕਿ ਕਾਲੂ ਜੀ ਨੂੰ ਨਸ਼ਈਆ ਵਾਂਗੂੰ ਨੀਂਦ ਆ ਗਈ ਤੇ ਗੱਲਾਂ ਕਰਦੇ-੨ ਸੁਤੇ। ਪਰ ਇਸ ਬਾਲਕ ਦੇ ਛੂਹ ਨੇ ਪਿਛਲੇ ਜਨਮ ਦੀ ਸੋਝੀ ਕਰਵਾ ਦਿਤੀ ਹੋਵੇ ਸੁਤੇ-੨ ਬੜਬੜਾ ਕੇ ਇਉਂ ਬੋਲੇ :

ਨਾਨਕੀ ਧੀਏ ! ਮੇਰੇ ਅਤੇ ਤੇਰੀ ਮਾਤਾ ਦੇ ਪੂਰਬਲੇ ਤਪ ਫਲ ਦੇ ਕਾਰਨ ਹੀ, ਸਾਡੇ ਘਰ ਸ੍ਰੀ ਗੁਰੂ ਨਾਨਕ ਨਿਰੰਕਾਰੀ ਦਾ ਜਨਮ ਹੋਇਆ ਹੈ ! ਸਾਡੀ ਕੈਲਾਸ਼ ਉਤੇ ਜਾ ਕੇ, ਕੀਤੀ ਕਠਿਨ ਤਪਸ਼ਿਆ ਨੂੰ ਵੇਖ ਕੇ, ਭਗਵਾਨ ਸ਼ਿਵ ਜੀ ਬਹੁਤ ਪ੍ਰਸੰਨ ਹੋਏ ਸਨ। ਤਦੇ ਸ੍ਰੀ ਗੁਰੂ ਨਾਨਕ ਦੇ ਘਰ "ਕੈਲਾਸ਼ ਪਤੀ" ਸ਼ਿਵ ਸਵਰੂਪ (ਸ੍ਰੀ ਚੰਦ) ਦਾ ਜਨਮ ਹੋਇਆ ਹੈ। ਇਸ ਦੋਰਾਨ ਸ੍ਰੀ ਕਾਲੂ ਜੀ ਕੁਝ ਹੋਰ ਦਸਦੇ ਬਾਬਾ ਸ੍ਰੀ ਚੰਦ ਜੀ ਪੈਰ ਮਾਰ ਮਾਰ ਕੇ ਰੋਣ ਲਗ ਪਏ, ਤੇ ਉਹਨਾਂ ਦੀ ਅੱਖ ਖੁੱਲ ਗਈ, ਤੇ ਪੋਤਰੇ ਨੂੰ ਬੇਬੇ ਨਾਨਕੀ ਦੇ ਸਪੁੱਰਦ ਕਰ ਸਹਿਮੇਂ ਹੋਇਆਂ ਰਾਮ ! ਰਾਮ ! ਰਾਮ ! ਕਰਦੇ ਦਸਿਆ ਕਿ ਧੀਏ, ਮੈਂ ਇਕ ਅਸਚਰਜ ਸੁਪਨਾ ਡਿੱਠਾ ਹੈ ? ਬੇਬੇ ਜੀ ਨੇ ਹਸਦਿਆਂ ਕਿਹਾ, ਇਹ ਸੁਪਨਾ ਨਹੀਂ ਬਲਕਿ ਇਸ ਨੂੰ ਸੱਚ ਕਰ ਜਾਣੋ।

ਬੇਬੇ ਨਾਨਕੀ ਜੀ ਜੋ ਸੰਤਾਨ ਦੀ ਥੁੜ ਮਹਿਸੂਸ ਕਰਦੇ ਸਨ ਜਦੋਂ ਬਾਬਾ ਸ੍ਰੀ ਚੰਦ ਜੀ ਸੱਤ ਵਰਿਆਂ ਦੇ ਹੋਏ ਤਾਂ ਗੁਰੂ ਨਾਨਕ ਦੇਵ ਜੀ ਨੇ ਬਾਲਕ ਨੂੰ ਭੈਣ ਦੀ ਝੋਲੀ ਵਿਚ ਪਾ, ਆਪ ਜਗਤ ਸੁਧਾਰ ਨੂੰ ਚਲੇ ਗਏ। ਬੇਬੇ ਨਾਨਕੀ ਜੀ ਬਾਬਾ ਸ੍ਰੀ ਚੰਦ ਨੂੰ ਨਾਲ ਸੌਂਦੇ ਤੇ ਅੱਠੇ ਪਹਿਰ ਦੇਖ ਰੇਖ ਰਖਦੇ ਸਨ। ਬਾਲਕ ਨੂੰ ਆਪਣੇ ਪਿਤਾ ਦੀਆਂ ਬਾਲ ਕਹਾਣੀਆਂ ਸੁਣਾਇਆ ਕਰਦੇ ਸਨ। ਕਿ ਕਿਸ ਤਰ੍ਹਾਂ ਮੱਝਾਂ ਚਾਰੀਆਂ, ਖੇਤੀਆਂ ਹਰੀਆਂ ਹੋਈਆਂ, ਕਿਵੇਂ ਸੱਪ ਨੇ ਛਾਇਆ ਕੀਤੀ ਕਿਵੇਂ ਪਾਂਧੇ ਮੌਲਵੀ ਨੂੰ ਉਤਰ ਦਿੰਦੇ ਰਹੇ। ਕਿਵੇਂ ਜੰਞੂ ਪਾਣ ਦੀ ਰਸਮ ਵੇਲੇ, ਗੁਰੂ ਨਾਨਕ ਦੇਵ ਜੀ ਨੇ ਸ਼ਬਦ ਉਚਾਰਿਆ, ਕਿਸ ਤਰ੍ਹਾਂ ਖਰਾ ਸੌਦਾ ਕਰ ਸੰਤਾ ਨੂੰ ਭੋਜਨ ਛਕਾਇਆ ਤੇ ਬਾਬਾ ਕਾਲੂ ਜੀ ਕੋਲੋਂ ਚਪੇੜਾ ਖਾਧੀਆਂ। ਗੁਰੂ ਨਾਨਕ ਦੇਵ ਜੀ ਹਸਦੇ ਰਹੇ, ਇਹ ਸਭ ਸੁਣਕੇ ਬਾਬਾ ਸ੍ਰੀ ਚੰਦ ਨੇ ਤੋਤਲੀ ਜਬਾਨ ਨਾਲ ਪੁਛਿਆ—"ਭੂਆ ਜੀ ਕੀ ਮੈਂ ਵੀ ਸੰਤਾ ਨੂੰ ਭੋਜਨ ਖੁਆਵਾਂਗਾ ਤਾਂ ਮੇਰੇ ਪਿਤਾ ਜੀ ਆ ਕੇ ਮੈਨੂੰ ਵੀ ਮਾਰਨਗੇ ?

ਧੰਨ ਗੁਰੂ ਨਾਨਕ ਦੀ ਸੰਤਾਨਕ ਜੋਤ ਬਾਬਾ ਸ੍ਰੀ ਚੰਦ ਜੀ, ਆਪਣੇ ਪਿਤਾ ਦੇ ਕਰ ਕਮਲਾ ਤੇ ਬਚਨਾ ਨੂੰ ਹੀ ਆਪਣੇ ਜੀਵਨ ਵਿਚ ਉਤਾਰਿਆ, ਜਦੋਂ ਬਾਬਾ ਗੁਰੂ ਨਾਨਕ ਦੇਵ ਜੀ ਮੋਦੀ ਖਾਨਾ ਚਲਾ ਕੇ, ਰਾਤ ਨੂੰ ਸੌਂਦੇ ਤੇ ਸਵੇਰੇ ਪਹਿਰ ਰਹਿੰਦੇ ਹੀ ਉਠ ਜਾਂਦੇ ਸਨ ਤੇ ਅਸ਼ਨਾਨ ਪਾਣੀ ਕਰ ਸਿਮਰਨ ਵਿਚ ਲੀਨ ਹੋ ਜਾਂਦੇ ਸਨ। ਸੋ ਬਾਬਾ ਸ੍ਰੀ ਚੰਦ ਜੀ ਵੀ ਆਪਣੇ ਪਿਤਾ ਦੀ ਇਸ ਪ੍ਰਵਿਰਤੀ ਨੂੰ ਆਪਣਾ ਸਵੇਰੇ ਸਵੇਰੇ ਉਠ ਜਾਣਾ, ਸਮਾਧੀ ਲਗਾ ਕੇ ਪਾਠ ਸਿਮਰਨ ਕਰਨਾ ਆਪਣਾ ਧਰਮ ਸਮਝਦੇ ਸਨ। ਇਸ ਨਿਤ ਦੀ ਕ੍ਰਿਆ ਅਤੇ ਸਿਮਰਨ ਅਭਿਆਸ ਨੇ ਆਪ ਜੀ ਨੂੰ ਪਕ ਸਮਾਧੀ ਦਾਰ ਬਣਾ ਦਿਤਾ ਸੀ। ਆਪ ਜੀ ਨੂੰ ਇਸ ਸਮਾਧੀ ਅਵਸਥਾ ਵਿਚ ਦੇਖ ਕੇ ਬਿਸ਼ਨ ਦਾਸ ਬ੍ਰਹਮਣ ਨੇੜੇ ਆਇਆ, ਆਪ ਜੀ ਦੀ ਦੇਖ ਰੇਖ ਵਿਚ ਕਮਲੀਆ ਜੀ ਸਨ। ਉਹਨਾਂ ਤੋਂ ਪੁਛਿਆ ਕਿ ਆਪ ਕੌਣ ਹਨ ਤਾਂ ਉਸ ਨੇ ਕਿਹਾ ਇਹ ਕਲਯੁੱਗੀ ਗੁਰੂ ਨਾਨਕ ਦਾ ਪੁੱਤਰ ਹੈ, ਉਸ ਸਮੇਂ ਆਪ ਦੀ ਉਮਰ ਕੇਵਲ 10 ਵਰ੍ਹਿਆਂ ਦੀ ਸੀ। ਨਿੱਕਾ ਜਿਹਾ ਜੋਗੀ ਰਬ ਦਾ ਪਿਆਰਾ ਭਗਤ ਸਮਝ ਸਿਰ ਨਿਵਾ ਦਿਤਾ, ਤੇ ਸਮਾਧੀ ਖੁਲਣ ਤੇ ਪ੍ਰਸ਼ਨ ਪੁੱਛਣ ਵਜੋਂ ਬੇਨਤੀ ਕੀਤੀ ਜਿਹਨਾਂ ਪ੍ਰਸ਼ਨਾਂ ਦਾ ਬਾਬਾ ਜੀ ਨੇ ਸਾਦਰ ਸਹਿਤ ਜਵਾਬ ਦਿੱਤਾ, ਜੋ ਇਸ ਪ੍ਰਕਾਰ ਹੈ :

1. **ਪ੍ਰਸ਼ਨ** :—ਤੁਸੀਂ ਕਿਸ ਦੇ ਧਿਆਨ ਵਿਚ ਜੁੜੇ ਬੈਠੇ ਰਹੇ ?

   **ਉਤਰ** :—ਅਸੀਂ ਜਗਤ ਕਰਤਾ ਨਿਰੰਕਾਰ ਦੇ ਧਿਆਨ ਵਿਚ ਰਹੇ।

2. **ਪ੍ਰਸ਼ਨ** :—ਜਗਤ ਕਰਤਾ ਇਕੋ ਹੈ ਕਿ ਦੂਜਾ ਕੋਈ ਹੋਰ ਵੀ ਕਾਰਨ ਹੈ ?

**ਉਤਰ** :—ਉਹ ਆਪ ਇਕੋ ਜਗਤ ਕਰਤਾ ਹੈ, ਸਭ ਦਾ ਕਾਰਨ ਵੀ ਉਹੀ ।

3. **ਪ੍ਰਸ਼ਨ** :—ਇਕੋ ਕਿਵੇਂ ਮੰਨਿਆ ਜਾਵੇ, ਜਦ ਕਈ ਰੰਗਾ ਰੂਪਾਂ ਵਿਚ ਭਾਸਦਾ ਹੈ ?

**ਉਤਰ** :—ਜੈਸੇ ਮਕਾਨ ਵਿਚ ਲਗੀ ਲਕੜੀ—ਤਾਕੀਆਂ, ਭਿੱਤ, ਦਰਵਾਜ਼ੇ, ਥੰਮ, ਕੜੀਆਂ, ਸ਼ਤੀਰ, ਬਾਲੇ ਇਹ ਸਭ ਵੱਖੋ ਵੱਖ ਨਾਮਾ ਰੂਪਾਂ ਵਿਚ ਦਿਸਦੇ ਹਨ, ਪਰ ਸਾਰਿਆਂ ਦਾ ਕਾਰਨ ਲਕੜੀ ਹੈ । ਐਸੇ ਹੀ ਕਈ ਰੂਪਾਂ ਰੰਗਾਂ ਤੇ ਨਾਮਾ ਵਿਚ ਦਿਸਨ ਵਾਲੇ ਜਗਤ ਦਾ ਕਾਰਨ ਵੀ ਇਕੋ ਨਿੰਰਕਾਰ ਹੈ, ਜਗਤ ਉਸੇ ਕਰਕੇ ਹੋਇਆ ਹੈ ।

ਸੋ ਇਸੇ ਤਰਾਂ ਕਾਫੀ ਦੇਰ ਬਚਨ ਬਿਲਾਸ ਹੁੰਦੇ ਰਹੇ ਅਤੇ ਬ੍ਰਹਮਣ ਬਿਸ਼ਨ ਦਾਸ ਨੇ ਬਾਬਾ ਜੀ ਦੇ ਉਤਰ ਸੁਣ ਕੇ ਸੰਸੇ ਦੂਰ ਹੋ ਗਏ ਅਤੇ ਦਿਲ ਦੀਆਂ ਅੱਖਾਂ ਖੁਲ੍ਹ ਗਈਆਂ ਜਾਣੀਆਂ, ਕਹਿ ਉਠਿਆ ਕਿ ਹੀਰੇ ਤੇ ਨੰਗ, ਸੋਨੇ ਦੀਆਂ ਛਾਪਾ ਤੇ ਹਾਰ, ਕੰਕਰਾਂ ਵਿਚ ਜਾ ਕੂੜੇ ਵਿਚ ਜਿਥੇ ਵੀ ਹੋਵਨ ਉਹ ਆਪਣੀ ਚਮਕ ਨਾਲ ਚਮਕਦੇ ਹਨ । ਬ੍ਰਹਮਣ ਨੂੰ ਨਿਸ਼ਚਾ ਹੋ ਗਿਆ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜਿਸ ਗਿਆਨ ਜੋਤੀ ਦਾ ਉਜਾਲਾ, ਕਰਨ ਬਾਹਰ ਗਏ ਹਨ ਉਹ ਆਪਣੀ ਅੰਸ਼ ਬਾਲਕ ਵਿਚ ਗਿਆਨ ਦੀ ਲਾਟ ਜਗਾ ਗਏ ਸਨ । ਨਹੀਂ ਤਾਂ ਛੋਟੀ ਉਮਰ ਤੇ ਇਤਨੇ ਗੂੜੇ ਪ੍ਰਸ਼ਨਾਂ ਦਾ ਉੱਤਰ ਦੇਣਾ, ਕੋਈ ਸੌਖੀ ਗਲ ਨਹੀਂ । ਸੋ ਪੰਡਤ ਸਿਦਕ ਵਿਚ ਆ ਬਾਬਾ ਜੀ ਤੋਂ ਸਿਜਦਾ ਕਰਨ ਲਗਾ ।

ਬਾਬਾ ਸ੍ਰੀ ਚੰਦ ਜੀ ਨੂੰ ਨਿਰਬਾਣਤਾ ਦੀ ਬਖਸ਼ਿਸ਼ ਆਪਣੇ ਪਿਤਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਮਿਲੀ ਸੀ ਜਿਵੇਂ ਧਰੂ ਨੂੰ ਨਿੱਕੇ ਹੁੰਦਿਆਂ ਹੀ ਨਾਰਦ ਮੁਨੀ ਨੇ ਉਪਦੇਸ਼ ਦਿਤਾ ਸੀ । ਪ੍ਰਹਿਲਾਦ ਨੂੰ ਥੰਮਾਂ ਵਿਚੋਂ ਭਗਵਾਨ ਦੇ ਦਰਸ਼ਨ ਕਰਾਏ ਸਨ ਉਸੇ ਤਰ੍ਹਾਂ ਗੁਰੂ ਨਾਨਕ ਨੇ ਆਪਣੀ ਸੰਤਾਨ ਬਾਬਾ ਸ੍ਰੀ ਚੰਦ ਨੂੰ ਆਪਣੀ ਪੂਰਨ ਕ੍ਰਿਪਾ ਦ੍ਰਿਸ਼ਟੀ ਨਾਲ ਤਲੀ ਤੇ ਸਰੋਂ ਜਮਾਏ ਵਾਂਗੂ ਰੱਬ ਨੂੰ ਹਿਰਦੇ ਵਿਚ ਦਿਖਾ ਦਿਤਾ ਸੀ । ਅਜ ਅਸੀਂ ਦੁਨਿਆਦਾਰਾਂ ਦੇ ਘਰੀਂ ਉਹਨਾਂ ਦੇ ਬਚਿਆਂ ਦੀਆਂ ਅਮੁੱਕ ਲੋੜਾਂ, ਖੇਡਾ ਤੇ ਮਾਂ ਬਾਪ ਨੂੰ ਕਿਸ ਕਦਰ ਤੰਗ ਕਰਦੇ ਹਨ ਦੇਖਦੇ ਹਾਂ, ਪਰ ਬਾਬਾਂ ਜੀ ਇਸ ਦੁਨੀਆਂਦਾਰਾਂ ਤੋਂ ਕੋਈ ਅਨੂਠੇ ਸਵਭਾਵ ਦੇ ਮਾਲਕ ਸਨ । ਇਹਨਾਂ ਸਭ ਲੋੜਾਂ ਤੇ ਖੇਡਾਂ ਤੋਂ ਮੂੰਹ ਮੋੜ ਰੱਬ ਦੇ ਸਿਮਰਨ ਵਿਚ ਲੀਨ ਆਪਣੇ ਪਿਤਾ ਦੇ ਕਮਾਏ ਹੋਏ ਬਚਨਾ ਤੇ ਚਲ ਰਹੇ ਸਨ । ਬੇਬੇ ਨਾਨਕੀ ਨੇ ਜਿਸ ਤਰ੍ਹਾਂ ਆਪਣੇ ਵੀਰ ਨਾਨਕ ਨੂੰ ਪਹਿਚਾਨਿਆ, ਉਸੇ ਤਰ੍ਹਾਂ ਆਪਣੇ ਭਤੀਜੇ ਨੂੰ ਵੀ ਚੰਗੀ ਚੋਖੀ ਸ਼ਕਤੀ ਦਾ ਮਾਲਿਕ ਜਾਣ ਉਹਨਾਂ ਤੋਂ ਕੁਝ ਪ੍ਰਸ਼ਨ ਪੁੱਛੇ, ਜਿਹਨਾਂ ਦਾ ਜਵਾਬ ਸ੍ਰੀ ਚੰਦ ਨੇ ਬੜੇ ਸੋਹਣੇ ਤੇ ਗਿਆਨ ਰੂਪ ਵਿਚ ਦਿਤੇ ।

ਬੇਬੇ ਨਾਨਕੀ ਜੀ—ਸੰਸਾਰ ਵਿਚ ਉਤਮ ਪੁਰਸ਼ ਕੌਣ ਹੁੰਦੇ ਹਨ ?

ਬਾਬਾ ਸ੍ਰੀ ਚੰਦ ਜੀ—ਜੋ ਕਿਸੇ ਦਾ ਬੁਰਾ ਕਰਨਾ ਛੱਡ ਕੇ ਭਲਾ ਕਰਨ ਦੀ ਸੋਚਦੇ ਹਨ ।

ਬੇਬੇ ਨਾਨਕੀ ਜੀ—ਬੰਧਨ ਰਹਿਤ ਕਿਵੇਂ ਹੋਈ ਦਾਂ ਹੈ ?

ਬਾਬਾ ਸ੍ਰੀ ਚੰਦ ਜੀ—ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਉਤੇ ਕਾਬੂ ਪਾਣ ਨਾਲ, ਤੇ ਕੁਝ ਬਣ ਬੈਠਣ ਦੀ ਵਾਸ਼ਨਾ ਛੱਡ ਦੇਣ ਨਾਲ ਹੋਈਦਾ ਹੈ । ਫੇਰ ਬੁਰੀ ਵਾਸ਼ਨਾ ਹੀ ਵੱਡਾ ਬੰਧਨ ਹੈ, ਜੋ ਉਲਟੇ ਕੰਮ ਕਰਾ ਫਸਾ ਦਿੰਦੀ ਹੈ ।

ਬੇਬੇ ਨਾਨਕੀ ਜੀ—ਫਕੀਰ ਲੋਕ ਸੁਖੀ ਰਹਿ ਸਕਦੇ ਹਨ ?

ਬਾਬਾ ਸ੍ਰੀ ਚੰਦ ਜੀ—ਜੋ ਮਨ ਬਾਣੀ, ਸਰੀਰ ਤੇ ਕਾਬੂ ਪਾਈ ਰਖਦੇ ਹਨ ਅਤੇ ਸਰੀਰ ਦਾ ਮੋਹ ਭੀ ਤਿਆਗ ਦਿੰਦੇ ਹਨ ।

ਸੋ ਇਸ ਤਰ੍ਹਾਂ ਬਚਨ ਬਿਲਾਸ ਸੁਣ ਕੇ ਬੇਬੇ ਜੀ ਅਤੇ ਪਰਿਵਾਰ ਦੇ ਨਿਕਟ ਵਰਤੀ ਬਹੁਤ ਖੁਸ਼ ਹੋਏ ਤੇ ਸਿਦਕ ਨਾਲ ਉਹਨਾਂ ਦੇ ਗਲੇ ਭਰ ਆਏ ਕਿ ਉਮਰ ਕਿੰਨੀ ਤੇ ਗਿਆਨ ਕਿਨਾ—ਸਾਰੇ ਮਨੋ ਤਨੋ ਗਦ ਗਦ ਹੋਏ, ਬਾਬਾ ਸ੍ਰੀ ਚੰਦ ਦੀ ਲੀਲਾ ਦੇ ਵਾਰਨੇ ਕਰਨ ਲਗੇ । ਸੁਲਤਾਨ ਪੁਰ ਦੇ ਨਵਾਬ (ਦੌਲਤ ਖਾਨ) ਨੇ ਆਪ ਜੀ ਦੀ ਲੀਲਾ ਤੋਂ ਪ੍ਰਭਾਵਿਤ ਹੋ ਕੇ ਆਪ ਜੀ ਨੂੰ ਇਕ ਹੀਰਿਆਂ ਦੀ ਮਾਲਾ ਇਨਾਮ ਵਜੋਂ ਦਿਤੀ ਸੀ ਜੋ ਆਪ ਨੇ ਨਾਸ਼ਵਾਨ ਮਾਇਆ ਜਾਣ ਵਾਪਿਸ ਕਰ ਦਿਤੀ ਸੀ ਜਿਸ ਕਾਰਨ ਨਵਾਬ ਹੋਰ ਜ਼ਿਆਦਾ ਖੁਸ਼ ਹੋਇਆ ਅਤੇ ਸਿਦਕ ਪਿਆਰ ਵਿਚ ਉਸ ਦਾ ਦਿਲ ਹੋਰ ਪਸੀਜਿਆ ਗਿਆ ।

**ਧੰਨ ਗੁਰੂ ਨਾਨਕ ਦੇਵ ਜੀ ਦੇ ਦੋ ਪੁਤਰ ਸਨ—ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਦਾਸ ਜੀ।** ਬਾਬਾ ਸ੍ਰੀ ਚੰਦ ਜੀ ਦੀ ਇਸ ਵਿਰਕਤ ਅਵਸਥਾ ਨੂੰ ਦੇਖ ਕੇ ਦਾਦਾ ਦਾਦੀ ਜੀ ਚਿੰਤਾ ਵਿਚ ਰਹਿੰਦੇ ਸਨ ਤੇ ਬਾਬਾ ਜੀ ਨੇ ਆਪਣੀ ਬਾਲ ਬੁੱਧੀ ਦੁਆਰਾ ਉਹਨਾਂ ਦੀ ਚਿੰਤਾ ਨਿਵਰਤ ਕੀਤੀ ਤੇ ਸਮਝਾਇਆ—ਅਸੀਂ ਪਿਤਾ ਜੀ ਦੀ ਬਿੰਦੀ ਸੰਤਾਨ ਦੋ ਭਾਈ ਹਾਂ ਜਿਵੇਂ ਪਿਤਾ ਜੀ ਦੀ ਨਾਦੀ ਸੰਤਾਨ (ਸਿਖ ਸੰਗਤ) ਬਹੁਤ ਵਧੇਗੀ, ਤਿਵੇਂ ਹੀ ਲਖਮੀ ਚੰਦ ਦੀ (ਬੇਦੀ ਬੰਸ) ਵੀ ਬਹੁਤ ਵਧੇਗੀ, ਇਹ ਤੁਹਾਡੇ ਪੋਤੇ ਪੜਪੋਤੇ ਅਖਵਾਉਣਗੇ, ਤੇ ਤੁਹਾਡਾ ਨਾਮ ਜਗ ਵਿਚ ਅਸਥਿਰ ਰਹੇਗਾ। ਸੋ ਇਹਨਾਂ ਬਚਨਾ ਦਾ ਪ੍ਰਮਾਣ ਰੂਪ ਸਾਡੇ ਸਾਹਮਣੇ ਹੈ। ਗੁਰੂ ਨਾਨਕ ਦੇਵ ਜੀ ਦੀ ਸੰਤਾਨਕ ਅੰਸ, ਅਜ ਸਾਡੇ ਸਾਹਮਣੇ 16ਵੀਂ ਜੋਤ ਬਾਬਾ ਮਧੂਸੂਦਨ ਸਿੰਘ ਜੀ ਬੇਦੀ ਬਿਰਾਜਮਾਨ ਹਨ। ਬਾਬਾ ਸ੍ਰੀ ਚੰਦ ਨੇ ਆਪਣੇ ਬਾਰੇ ਦਸਿਆ, ਕਿ ਮੈਂ ਤਿਆਗੀ ਰਹਾਂਗਾ, ਮੇਰੇ ਦੁਆਰਾ ਦੀਖਤ ਹੋਏ ਉਹ ਸਾਰੇ ਮੇਰਾ ਪਰਿਵਾਰ (ਨਾਦੀ ਸੰਤਾਨ) ਹੋਵੇਗਾ। ਸੋ ਅਜ ਅਸੀਂ ਉਦਾਸੀ ਸੰਪਰਦਾ, ਬੜਾ ਅਖਾੜਾ, ਛੋਟਾ ਅਖਾੜਾ ਜੋ ਹਰੀਦੁਆਰ ਵਿਚ ਹਨ ਅਤੇ ਪੂਰੇ ਹਿੰਦੁਸਤਾਨ ਵਿਚ ਉਹਨਾਂ ਦੇ ਸ਼ਿਸ਼ ਬਾਬਾ ਜੀ ਦੀ ਪੂਜਾ ਕਰਦੇ ਹਨ, ਅਤੇ ਗੁਰੂ ਗ੍ਰੰਥ ਸਾਹਿਬ ਦੇ ਬਚਨਾਂ ਨੂੰ ਆਪਣੇ ਜੀਵਨ ਵਿਚ ਉਤਾਰਦੇ ਹਨ। ਸੋ ਇਸੇ ਤਰ੍ਹਾਂ ਬਾਬਾ ਜੀ ਨੇ ਆਪਣੇ ਦਾਦਾ ਦਾਦੀ ਜੀ ਨੂੰ ਆਪਣੀ ਬਾਲ ਬੁਧੀ ਦੁਆਰਾ ਸੰਤੁਸ਼ਟ ਕਰਵਾਇਆ ਅਤੇ ਪੋਤੇ ਦੀਆਂ ਗੱਲਾਂ ਸੁਣ ਕੇ ਉਨ੍ਹਾਂ ਦਾ ਮਨ ਵੈਰਾਗ ਵਿਚ ਆ ਗਿਆ ਤੇ ਉਹ ਆਪਣੇ ਪੁੱਤਰ ਗੁਰੂ ਨਾਨਕ ਦੇ ਪਕੇ ਸਰਧਾਲੂ ਬਣ ਗਏ।

ਬਾਬਾ ਸ੍ਰੀ ਚੰਦ ਜੀ ਹਰ ਰੋਜ ਦੀ ਤਰ੍ਹਾਂ ਆਪਣੇ ਨਾਮ ਸਿਮਰਨ, ਅਭਿਆਸ ਕਮਾਈ ਅਤੇ ਸਮਾਧੀ ਵਿਚ ਲੀਨ ਰਹਿਣ ਲਗ ਪਏ ਸਨ। ਤੇ ਕਈ ਕਈ ਦਿਨ ਤਕ ਸਮਾਧੀ ਵਿਚ ਬੈਠੇ ਰਹਿੰਦੇ ਸਨ। ਗੁਰੂ ਨਾਨਕ ਦੇਵ ਜੀ ਜਦੋਂ, ਆਪਣੀ ਜਗਤ ਸੁਧਾਰਕ ਦੋ ਉਦਾਸੀਆਂ ਪੂਰੀਆਂ ਕਰ ਬੇਬੇ ਨਾਨਕੀ ਦੇ ਯਾਦ ਕਰਨ ਤੇ, ਸੁਲਤਾਨ ਪੁਰ ਪਹੁੰਚੇ, ਤਾਂ ਸ੍ਰੀ ਚੰਦ ਬਾਲਕ ਨ ਰਹਿ ਦੇ ਨੌਜਵਾਨ ਗਭਰੂ ਪ੍ਰਤੀਤ ਹੋ ਰਿਹਾ ਸੀ ਉਸ ਸਮੇਂ ਬਾਬਾ ਜੀ ਦੀ ਉਮਰ 23 ਸਾਲ ਦੇ ਕਰੀਬ ਸੀ। ਆਪਦੇ ਪਿਤਾ ਗੁਰੂ ਨਾਨਕ ਨੇ ਆਪਦੀ ਚੜ੍ਹਦੀ ਜਵਾਨੀ, ਰੰਗ ਰੂਪ ਤੇ ਮਾਨਸਿਕ ਅਵਸਥਾ ਤੇ ਆਪਣਾ ਕਾਬੂ ਦੇਖ ਬੜੇ ਪ੍ਰਸੰਨ ਹੋਏ। ਉਹਨਾਂ ਨੂੰ ਨਿਸ਼ਚਾ ਹੋ ਗਿਆ ਕਿ ਬਾਲਕ ਸ੍ਰੀ ਚੰਦ ਦਾ ਝੁਕਾਉ ਫ਼ਕੀਰੀ ਵ ਤਿਆਗ ਵਲ ਹੀ ਹੈ ਤਦ ਗੁਰੂ ਨਾਨਕ ਦੇਵ ਜੀ ਨੇ ਇਸ ਨਿਰਮਾਣ ਮਾਰਗ ਦੀਆਂ ਡੂੰਘੀਆਂ ਰਮਜ਼ਾ (ਅਗਮ ਨਿਗਮ ਦੇ ਭੇਤਾ) ਬੀ ਜਾਣੂੰ ਕਰਾਇਆ। ਹਰ ਸਿਮਰਨ ਭਜਨ ਦੇ ਅਭਿਆਸੀ ਹੋਣ ਦੀ ਪ੍ਰੇਰਨਾ ਦਿਤੀ, ਅਤੇ ਆਪ ਉਸ ਦਿਨ ਤੋਂ ਪਕੇ ਉਦਾਸੀ ਸੰਤ ਸਮਝੇ ਜਾਣ ਲਗੇ। ਅੰਤਰਯਾਮੀ ਧੰਨ ਗੁਰੂ ਨਾਨਕ ਦੇਵ ਜੀ ਜਾਣਦੇ ਸਨ ਕਿ ਉਹਨਾਂ ਦਾ ਸਪੁੱਤਰ ਸ੍ਰੀ ਚੰਦ ਭਰ ਜਵਾਨੀ ਵਿਚ, ਆਪਣੀਆਂ ਇੰਦਰੀਆਂ ਨੂੰ ਜਿਤਨ ਵਾਲਾ, ਕੋਈ ਸਧਾਰਣ ਪੁਰਸ਼ ਨਹੀਂ ਹੈ। ਦੁਨੀਆਦਾਰ ਲੋਕ, ਸ਼ਾਹ ਸ਼ਹਿਨਸ਼ਾਹ, ਰਾਜੇ, ਮਹਾਰਾਜੇ ਉਸ ਅਗੇ ਸੀਸ ਝੁਕਾਦੇ ਹਨ, ਅਤੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਦੇ ਹਨ। ਸੋ ਗੁਰੂ ਨਾਨਕ ਦੇਵ ਜੀ ਇਸ ਦੇ ਵਰਤਣ ਤੋਂ ਸੰਤੁਸ਼ਟ ਸਨ। ਅਤੇ ਕਰਤਾਰਪੁਰ ਵਸਾ ਕੇ ਸੰਗਤ ਦਾ ਮੁੱਢ ਬੰਨਿਆ, ਬਾਬਾ ਸ੍ਰੀ ਚੰਦ ਜੀ ਨੂੰ ਅਗਵਾਈ ਲਈ ਅਗੇ ਤੋਰਿਆ।

ਗੁਰੂ ਨਾਨਕ ਦੇਵ ਜੀ ਆਪਣੇ ਇਸ ਨਿਰਮਲ ਪੰਥ ਨੂੰ ਹਮੇਸ਼ਾਂ ਦੀ ਤਰ੍ਹਾਂ ਹਰਾ ਭਰਾ ਖਿੜਿਆ ਵੇਖਣਾ ਚਾਹੁੰਦੇ ਸਨ। ਸੋ ਆਪ ਦੀ ਜਗਤ ਸੁਧਾਰ ਦੀ ਡਿਊਟੀ ਪੂਰੀ ਹੋ ਚੁਕੀ ਸੀ। ਆਪ ਆਪਣਾ ਸਰੀਰ ਤਿਆਗ ਇਸ ਪੰਥ ਦੀ ਵਾਗ ਡੋਰ ਸੌਂਪਣਾ ਚਾਹੁੰਦੇ ਸਨ, ਸੋ ਇਸ ਵਾਗ ਡੋਰ ਨੂੰ ਸੰਭਾਲਣ ਵਾਲਾ ਧੁਰ ਤੋਂ ਮਿਥਿਆ ਗਿਆ ਸੀ ਜਿਸ ਦਾ ਗਿਆਨ ਕੇਵਲ ਨਿਰੰਕਾਰ ਗੁਰੂ ਨਾਨਕ ਦੇਵ ਜੀ ਹੀ ਜਾਣਦੇ ਸਨ। ਕਿਹਾ ਜਾਂਦਾ ਹੈ ਬੇਦੀਆ ਦੇ ਵਡਿਆਂ ਪਾਸੋਂ ਸੋਢੀਆਂ ਦੇ ਵਡਿਆਂ ਨੇ ਖੋਹਿਆ ਪੰਜਾਬ ਦਾ ਦੁਨਿਆਵੀ ਰਾਜ ਮੋੜ ਕੇ ਆਪ ਤਪ ਕਰਨ ਨੂੰ ਬੰਨ ਵਿਚ ਚਲੇ ਗਏ ਸਨ ਪਰ ਬੇਦੀਆ ਨੇ ਸੋਢੀਆਂ ਦੀ ਉਦਾਰਤਾ ਉਤੇ ਖੁਸ਼ ਹੋ ਕੇ ਦੀਨ ਦਾ ਸੱਚਾ ਰਾਜ ਦੇਣ ਦਾ ਬਚਨ ਦਿਤਾ ਸੀ। ਸੋ ਅਜ ਗੁਰੂ ਨਾਨਕ ਜੀ ਨ ਉਸ ਫਰਜ਼ ਨੂੰ ਪੂਰਾ ਕਰਕੇ ਆਪਣੇ ਵਡਿਆਂ ਦੇ ਕਰਜ਼ ਨੂੰ ਅਦ ਕਰ, ਸੋਢੀਆਂ ਕੋਲ ਗਦੀ ਜਾਣੀ ਸੀ ਸੋ ਚੁਕਾ ਦਿਤਾ, ਅਤੇ ਗਦੀ ਲਹਿਣਾ ਜੀ ਨੂੰ ਸੋਂਪੀ ਗਈ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਬਚਿਤਰ ਨਾਟਕ ਵਿਚ ਲਿਖਿਆ ਹੈ

ਬੇਦੀ ਭਏ ਪ੍ਰਸੰਨ ਰਾਜ ਕਹ ਪਾਇਕੇ।
ਦੇਹ ਭਜੋ ਬਰਦਾਨ ਹੀਏ ਹੁਲਸਾਏ ਕੇ।

ਜ਼ਬ ਨਾਨਕ ਕਲ ਮੈਂ ਹਮ ਆਨ ਕਹਾਇ ਹੈ।
ਹੋ ਜਗਤ ਪੂਜ ਕਰਿ ਤੋਹਿ ਪਰਮ ਪਦ ਪਾਏ ਹੈ।

ਇਹਨਾਂ ਲਾਈਨਾਂ ਤੋਂ ਸਪਸ਼ਟ ਹੈ ਕਿ ਬੇਦੀਆ ਨੇ ਆਵਸ਼ ਹੀ ਸੋਢੀਆਂ ਨੂੰ ਕੁਝ ਦੇਣਾ ਸੀ ਸੋ ਕਲਯੁੱਗੀ ਅਵਤਾਰ ਨਾਨਕ ਨਾਮ ਰਖਾ ਕੇ ਇਸ ਭਾਰ ਨੂੰ ਬੇਦੀਆਂ ਦੇ ਮੋਢਿਆਂ ਤੋਂ ਉਤਾਰ ਸੋਢੀਆਂ ਦੇ ਅਸਲੀ ਟਿਕਾਣੇ ਪਹੁੰਚਾ ਦਿਤੀ। "ਹੁਕਮ ਰਜਾਇ ਚਲਣਾ ਨਾਨਕ ਲਿਖਿਆ ਨਾਲਿ" ਦੇ ਅਨੁਸਾਰ ਗਦੀ ਲਹਿਣਾ ਜੀ (ਗੁਰੂ ਅੰਗਦ ਦੇਵ ਜੀ ਨੂੰ ਦਿਤੀ ਗਈ। ਸੋ ਗੁਰੂ ਨਾਨਕ ਦੇਵ ਜੀ ਨੇ ਆਪਣਾ ਫ਼ਰਜ਼ ਪੂਰਾ ਕਰ ਦਿਤਾ ਤੇ ਸਰੀਰ ਤਿਆਗਣ ਦੀ ਤਿਆਰੀ ਵਿਚ ਸਨ। ਧਰਮ ਸਾਲ ਦੇ ਅੰਦਰ ਲੇਪਾ ਪੋਚਾ ਕਰਾ ਆਪ ਆਸਨ ਵਿੱਛਾ ਕੇ ਬਿਰਾਜੇ ਤੇ ਆਪਣੇ ਪੁੱਤਰਾਂ ਦੀ ਉਡੀਕ ਵਿਚ ਸਨ ਪਰ ਦੋਨੋਂ ਦੇਰ ਨਾਲ ਪਹੁੰਚੇ, ਜਦੋਂ ਆਪ ਜੋਤੀ ਜੋਤ ਸਮਾ ਚੁਕੇ ਸਨ। ਬਾਬਾ ਸ੍ਰੀ ਚੰਦ ਜੀ ਕੁਝ ਕੰਮ ਲਈ ਬਾਹਰ ਚਲੇ ਗਏ ਸਨ ਤੇ ਲਖਮੀ ਚੰਦ ਜੀ ਉਹਨਾਂ ਦੀ ਉਡੀਕ ਕਾਰਨ ਸਮੇਂ ਸਿਰ ਨਾ ਪੁੱਜ ਸਕੇ। ਸੋ ਜਦੋਂ ਪੁਜੇ ਤਾਂ ਮਨ ਬੜਾ ਦੁਖੀ ਹੋਇਆ, ਤੇ ਰੋਂਦੇ ਕੁਰਲਾਦੇ ਪਿਤਾ ਦੇ ਚਰਨਾਂ ਨੂੰ ਲਿਪਟ ਗਏ।

ਅਸੀਂ ਦੇਖਦੇ ਹਾਂ, ਕਿ ਅੱਜ ਦੇ ਦੁਨੀਆਦਾਰ, ਬਾਬਾ ਜੀ ਦੇ ਪੁੱਤਰਾ ਨੂੰ ਆਗਿਆਕਾਰ ਨਹੀਂ ਜਾਣਦੇ ਤੇ ਕਹਿੰਦੇ ਹਨ, ਕਿ ਇਸ ਕਰਕੇ ਉਹਨਾਂ ਨੂੰ ਗਦੀ ਨਹੀਂ ਦਿਤੀ ਗਈ। ਲੇਕਿਨ ਇਸ ਥਲੇ ਲਿਖੇ ਭਾਵ ਤੋਂ ਜਾਣ ਸਕਦੇ ਹਾਂ ਕਿ ਉਹ ਪੁੱਤਰ ਜੋ ਆਪਣੇ ਮਰੇ ਪਿਤਾ ਨੂੰ ਮੁੜ ਜਿਵਾ ਸਕਦੇ ਹਨ ਕਿ ਉਹ ਗਦੀ ਦੇ ਲਾਇਕ ਨਹੀਂ ਸਨ, ਕਿ ਉਹਨਾਂ ਵਿਚ ਸ਼ਕਤੀ ਨਹੀਂ ਸੀ ਕਿ ਆਪਣੇ ਹੱਕ ਲਈ ਲੜਦੇ, ਇਹ ਗੱਲ ਨਹੀਂ ਉਹ ਉਸ ਨਾਨਕ ਦੇ ਪੁੱਤਰ ਸਨ, ਜਿਸਨੇ ਹਰ ਕੰਮ ਵਿਚ ਪ੍ਰਭੂ ਹੁਕਮ ਅਤੇ ਭਾਣੇ ਨੂੰ ਮੁਖ ਰਖਿਆ ਹੈ ਸੋ ਇਹ ਸਭ ਕਝ ਉਹਨਾਂ ਨੂੰ ਵਿਰਾਸਤ ਵਿਚ ਮਿਲਿਆ ਸੀ। ਹਾਂ ਇਹ ਗੱਲ ਜ਼ਰੂਰ ਹੈ ਕਿ ਜੋ ਕੁਝ ਮਾਂ ਬਾਪ ਕੋਲ, ਹੋਵੇ, ਅਗਰ ਉਹ ਪੁੱਤਰਾਂ ਨੂੰ ਨਾ ਮਿਲੇ, ਉਸ ਦਾ ਦੁੱਖ ਜ਼ਰੂਰ ਹੁੰਦਾ ਹੈ। ਅਜ ਦੇ ਦੁਨੀਆਦਾਰ ਪੁੱਤਰਾਂ ਨੂੰ, ਅਗਰ ਉਹਨਾਂ ਦੀ ਵਿਰਾਸਤ ਸੰਪਤੀ ਖੁਸਦੀ ਨਜ਼ਰ ਆਂਦੀ ਹੈ ਤਾਂ ਉਹ ਕਿਸ ਤਰ੍ਹਾਂ ਦਾ ਵਰਤਾਉ ਕਰਦੇ ਹਨ। ਸੋ ਗੁਰੂ ਨਾਨਕ ਦੇਵ ਜੀ ਦੇ ਪੁੱਤਰਾਂ ਨੇ ਅਗਰ ਰੋਸ ਪ੍ਰਗਟ ਕੀਤਾ ਤਾਂ ਇਹ ਸਵਭਾਵਿਕ ਹੀ ਸੀ।

ਅੰਗਮੀ ਸੋਝੀ ਰਖਣ ਵਾਲੇ ਬਾਬਾ ਸ੍ਰੀ ਚੰਦ ਸਭ ਕੁਝ ਜਾਣਦੇ ਸਨ ਪਰ ਸਿਖ ਸੰਗਤਾਂ ਦੇ ਇਸ ਭਾਰੀ ਉਲਾਹਣੇ ਨੂੰ ਦੂਰ ਕਰਨ ਲਈ, ਕਿ ਉਹਨਾਂ ਦੇ ਪਿਤਾ ਜੀ ਬਿਨਾ ਕਿਸੇ ਗਲਬਾਤ ਕੀਤੇ ਸਰੀਰ ਨੂੰ ਤਿਆਗ ਦਿਤਾ ਹੈ। ਅਤੇ ਆਪਣੇ ਛੋਟੇ ਭਰਾ ਬਾਰੇ ਕਿ ਉਸ ਨੂੰ ਗ੍ਰਹਿਸਥੀ ਬਣਾਣਾ ਹੈ। ਤੇ ਵੱਡਾ ਭਰਾ ਹੋਣ ਦੇ ਨਾਤੇ, ਮੇਰਾ ਕੀ ਫਰਜ਼ ਹੈ—ਇਸ ਚਿੰਤਾ ਵਿਚ ਸਨ। ਅਚਾਨਕ ਹੀ, ਇਕ ਵਿਉਂਤ ਬਣਾਈ, ਗੁਰੂ ਪਿਤਾ ਜੀ ਨੂੰ ਕਰਤਾਰ ਦੀ ਦੁਹਾਈ ਵਾਸਤਾ ਪਾਇਆ ਤੇ ਦੋ ਹੱਥ ਜੋੜ ਬੜੇ ਸਨਿਮਰ ਹੋ ਕੇ, ਅਰਦਾਸ ਕੀਤੀ, ਕਿ ਦੁਹਾਈ ਹੈ, ਜੋ ਆਪ ਇਸ ਤਰ੍ਹਾਂ ਚਲੇ ਗਏ। ਸੋ ਆਪ ਪਰਤ ਕੇ ਆਉ ਵਧੇਰੇ ਨਹੀਂ ਤਾਂ, ਦੋ ਘੜੀਆਂ ਸਾਨੂੰ ਆਪਣੀਆਂ ਕੁਲਾ ਬਖਸ਼ਾਣ ਦਿਉ। ਬਾਬਾ ਸ੍ਰੀ ਚੰਦ ਜੀ ਨੇ ਬੜੇ ਭਰੋਸੇ ਨਾਲ ਹੀਲਾ ਕੀਤਾ। ਭਲਾ 45 ਸਾਲ ਦੇ ਜਤੀ ਸਤੀ ਤੇ ਤਪ ਸਿਮਰਨ ਦੀ, ਘਾਲ ਘਾਲਨਾ ਕਿਵੇਂ ਵਿਅਰਥ ਜਾਂਦੀ, ਕਰਤਾਰ ਦੀ ਦੁਹਾਈ ਕਿਵੇਂ ਸੁਣੀ ਨਾ ਜਾਂਦੀ। ਬਾਬਾ ਲਖਮੀ ਚੰਦ ਜੀ ਵੀ ਪਹਿਲੇ ਨਾ ਆਣ ਕਰਕੇ, ਆਪਣੀ ਭੁੱਲ ਦੀ ਅੱਖਾਂ ਰਾਹੀਂ ਵਗਦੇ ਹੰਝੂਆਂ ਦੁਆਰਾ ਬਖਸ਼ਿਸ਼ ਕਰਾ ਰਹੇ ਸਨ। ਇਧਰ ਗੁਰੂ ਨਾਨਕ ਦੇਵ ਜੀ ਦੀ ਆਤਮਾ ਜੋਤ, ਆਪਣੇ ਪੰਜ ਭੂਤਕ ਸਰੀਰ ਤੋਂ ਉਠਕੇ ਸਹੁ ਨਿਰੰਕਾਰ ਨਾਲ, ਅਭੇਦ ਹੋ ਰਹੀ ਸੀ, ਅਤੇ ਸੰਯੋਗ ਪਾ ਰਹੀ ਸੀ। ਸਾਹਿਬ-ਜ਼ਾਦਿਆਂ ਦੀ ਦਰਦ ਭਰੀ ਪੁਕਾਰ ਨੇ ਆਪ ਸਹੁ ਨਿਰੰਕਕਾਰ ਤੇ ਪੁੱਜ ਦੁਬਾਰਾ ਪੰਜ ਭੂਤਕ ਸਰੀਰ ਵਿਚ ਆਏ ਤੇ ਗੁਰੂ ਜੀ ਉਠ ਬੈਠੇ। ਅਗਰ ਉਹਨਾਂ ਦੇ ਪੁੱਤਰਾਂ ਵਿਚ ਸ਼ਕਤੀ ਨਾ ਹੁੰਦੀ ਤਾਂ ਮਰਿਆ ਹੋਇਆ ਬਾਬਾ ਕਿਸ ਤਰ੍ਹਾਂ ਜਿੰਦਾ ਹੋ ਸਕਦਾ ਸੀ ਸਾਰੀ ਸੰਗਤ ਵੈਰਾਗ ਵਿਚ ਆ ਗਈ ਚੌਹਾਂ ਪਾਸੇ ਧੰਨ ਗੁਰੂ ਨਾਨਕ ਧੰਨ ਗੁਰੂ ਨਾਨਕ ਦੀ ਗੁੰਜਾਰ ਹੋਣ ਲਗੀ। ਗੁਰੂ ਜੀ ਨੇ ਆਪਣੀ ਨੇਤਰ ਸ਼ਕਤੀ ਨਾਲ ਸੰਗਤ ਨੂੰ ਨਿਹਾਲ ਕੀਤਾ ਤੇ ਬੱਚਿਆਂ ਨੂੰ ਗਲੇ ਲਗਾਇਆਂ ਆਖਿਆ, ਤੁਸੀਂ ਅੱਠ ਪਹਿਰ ਥੋੜੇ ਮੰਗੇ ਹਨ, ਅੱਠ ਸਾਲ ਆਖਦੇ ਤਾਂ ਵੀ ਕਰਤਾਰ ਦੀ ਖੁਸ਼ੀ ਪਾ ਸਕਦੇ ਸੀ। ਬਾਬਾ ਸ੍ਰੀ ਚੰਦ ਜੀ ਨੇ ਗੁਰੂ ਪਿਤਾ ਸਵਰੂਪ ਦੇ ਦਰਸ਼ਨ ਕਰ ਹਿਰਦੇ ਵਿਚ ਵਸਾ ਲਿਆ। ਲਖਮੀ ਚੰਦ ਦੀਆਂ ਭੁਬਾਂ ਨਿਕਲ ਗਈਆਂ ਤੇ ਰੋਂਦੇ ਹੋਏ ਆਖਿਆ, ਅਸੀਂ

ਕੀ ਨਾਲਾਇਕੀ ਕੀਤੀ ਹੈ ਜੋ ਲਹਿਣਾ ਜੀ ਨੂੰ, ਗੱਦੀ ਦੇ ਦਿਤੀ ਹੈ ਪਰ ਸਾਨੂੰ ਦੁਨੀਆਂਦਾਰਾਂ ਦੇ ਉਲਾਹਮੇ ਸਹਾਰਨ ਜੋਗਾ ਛੱਡ ਦਿੱਤਾ ਹੈ, ਸੋ ਬਾਬਾ ਲਖਮੀ ਚੰਦ ਜੀ ਹਾਲੇ ਕੁਝ ਹੋਰ ਕਹਿੰਦੇ, ਪਰ ਬਾਬਾ ਸ੍ਰੀ ਚੰਦ ਨੇ ਰੋਕ ਦਿਤਾ ਤੇ ਦੋ ਹੱਥ ਜੋੜ, ਬੇਨਤੀ ਕੀਤੀ, ਕਿ ਅੰਤਰਯਾਮੀ ਪਿਤਾ ਜੀ ਤੁਸੀਂ ਸਭ ਕੁਝ ਜਾਣਦੇ ਹੋ ਅਸੀਂ ਤਾਂ ਕੇਵਲ ਆਪ ਜੀ ਦੀ ਬਖਸ਼ਿਸ਼ ਚਾਹੁੰਦੇ ਹਾਂ, ਆਪ ਜੀ ਨੂੰ ਕਰਤਾਰ ਦੀ ਜੋਤ ਨਾਲ ਅਭੇਦ ਹੁੰਦਿਆਂ ਵਾਪਿਸ ਬੁਲਾਇਆ, ਸੋ ਇਸ ਦੀ ਵੀ ਖਿਮਾ ਚਾਹੁੰਦੇ ਹਾਂ । ਬਾਬਾ ਸ੍ਰੀ ਚੰਦ ਨੇ ਆਪਣੇ ਲਈ ਨਾਮ, ਬਾਣੀ ਅਤੇ ਉਦਾਸੀ ਭੇਖ ਬਖਸ਼ਿਸ਼, ਮੇਰੇ ਲਈ ਬਹੁਤ ਹੈ । ਪਰ ਲਖਮੀ ਚੰਦ ਜੀ ਦੇ ਸੰਸੇ ਨੂੰ ਦੂਰ ਕਰੋ ਤੇ ਸਾਡਾ ਹਕ ਸਾਨੂੰ ਕਿਉਂ ਨਹੀਂ ਮਿਲਿਆ, ਅਗੋਂ ਸਾਡੇ ਲਈ ਕੀ ਹੁਕਮ ਹੈ, ਦਸੋ—ਸੋ ਗੁਰੂ ਨਾਨਕ ਦੇਵ ਜੀ ਨੇ ਸਭ ਕੁਝ ਸੁਣਦੇ ਤੇ ਮੁਸਕਰਾ ਰਹੇ ਸਨ ਤੇ ਮਿਹਰ ਭਰੀਆਂ ਨਜ਼ਰ ਨਾਲ ਦੋਹਾਂ ਨੂੰ ਦੇਖਿਆ ਸ਼ਬਦ ਉਚਾਰਿਆਂ—

(ਸਲੋਕ ਮਹਲਾ ੧)

ਲੱਖ ਨੇਕੀਆਂ ਚੰਗਿਆਈਆਂ ਲੱਖ ਪੁੰਨਾ ਪਰਵਾਣ ।
ਲੱਖ ਤੱਪ ਉਪਰਿ ਤੀਰਥਾਂ ਸਹਿਜ ਜੋਗ ਬੇਬਾਣ ।
ਲੱਖ ਸੂਰਤਣ ਸੰਗਰਾਨ ਰਣਿ ਮਹਿ ਛੁਟਹਿ ਪਰਾਣ ।
ਲੱਖ ਸੁਰਤੀ ਲਖ ਗਿਆਨ ਪੜੀਅਹਿ ਪਾਰ ਪੁਰਾਣ ।
ਜਿਨਿ ਕਰਤੇ ਕਰਣਾ ਕਿਆ ਲਿਖਿਆ ਆਵਣ ਜਾਣ ।
ਨਾਨਕ ਮਤੀ ਮਿਥਿਆ ਕਰਮ ਸਚਾ ਨੀਸ਼ਾਣ ।

ਗੁਰੂ ਜੀ ਨੇ ਸਮਝਾਇਆਂ ਕਿਹਾ ਕਿ ਮੇਰੇ ਬਚਿਉ, ਸਭ ਕਰਤਾ ਪੁਰਖੁ ਦੇ ਹੁਕਮ ਦੀ ਖਿਡਾਰ ਹੈ ਜੋ ਸਾਡੇ ਰਾਹੀਂ ਲਹਿਣੇ ਜੀ ਨੂੰ ਮਿਲਿਆ । ਗੁਰੂ ਜੀ ਨੇ ਕਿਹਾ ਸ੍ਰੀ ਚੰਦ ਜੀ, ਤੁਸੀਂ ਸ਼ਿਵ ਦੇ ਸਰੂਪ ਹੋ ਤੁਹਾਡੇ ਕੋਲ ਪਹਿਲੇ ਕਿਸੇ ਗਲ ਦੀ ਕਮੀ ਨਹੀਂ ਬਾਕੀ ਲਖਮੀ ਚੰਦ ਜੀ, ਜਿਤਨਾ ਨਾਮ ਜਪਾਣ ਦਾ ਅਧਿਕਾਰ ਭਾਈ ਲਹਿਣਾ ਜੀ ਨੂੰ ਹੈ ਉਹਨਾਂ ਹੀ ਹੈ, ਜਿਤਨਾ ਕਰਮ ਕਰੋਗੇ, ਫਲ ਪਾਉਗੇ ਗੁਰੂ ਪੀਰਾਂ ਦੇ ਪੁੱਤਰ ਨੇਕ ਹੋਣ ਤਾਂ ਗੁਰੂ ਪੀਰ ਹੀ ਮੰਨੇ ਜਾਂਦੇ ਹਨ ਤੁਸੀਂ ਤਾਂ ਮੇਰੇ ਪੁੱਤਰ ਹੋ ਸੋ ਤੁਹਾਨੂੰ ਚਿੰਤਾ ਨਹੀਂ ਕਰਨੀ ਚਾਹੀਦੀ ਆਪ ਦੇ ਪੁੱਤਰਾਂ ਵਿਚ ਵੀ ਕਰਾਮਾਤਾਂ ਹੋਣਗੀਆਂ ਰਿਆ ਪੁੱਤਰ ਹੋਣ ਦਾ ਫਲ—ਰਿਧ, ਸਿਧ, ਧੰਨ ਪਦਾਰਥ ਅਤੇ ਦੁੱਧ ਪੁੱਤਰ ਦਾ ਘਰ ਵਿਚ ਸਦਾ ਵਾਸਾ ਰਹੇਗਾ ਗੁਰੂ ਪੀਰਾ ਦੇ ਕੁੱਤਿਆਂ ਨੂੰ ਲੋਕੀਂ ਪੂਜਦੇ ਹਨ ਤੁਸੀਂ ਤਾਂ ਮੇਰੇ ਪੁੱਤਰ ਹੋ, ਪੂਜੇ ਜਾਉਗੇ ਸਭ ਕੁਝ ਪਾਉਗੇ—ਇਹ ਸਭ ਕੁਝ ਆਖ ਕੇ ਆਪਣੇ ਬੱਚਿਆਂ ਦਾ ਸੰਗਤਾਂ ਦੇ ਸਾਹਮਣੇ ਮਾਣ ਵਧਾਇਆ, ਅਤੇ ਆਪ ਅੱਠ ਪਹਿਰ ਬੀਤਣ ਤੋਂ ਬਾਅਦ ਆਪਣੇ ਪੁਰਾਣੇ ਆਸਨ ਤੇ ਜਾ ਚਦਰ ਲਪੇਟ ਕੇ ਸੌਂ ਗਏ ਤੇ ਨਿਰੰਕਾਰ ਨਾਲ ਜੋਤ ਮਿਲਾਈ ਸੋ ਕਝ ਦੇਰ ਬਾਅਦ ਚੱਦਰ ਹੀ ਦਿਖਾਈ ਦਿਤੀ ਸਰੀਰ ਨਹੀਂ ਸੀ ।

ਗੁਰੂ ਅੰਗਦ ਦੇਵ ਜੀ (ਭਾਈ ਲਹਿਣਾ) ਨੇ ਬਾਬਾ ਸ੍ਰੀ ਚੰਦ ਜੀ ਅਗੇ ਬੇਨਤੀ ਕੀਤੀ ਕਿ ਆਪ ਗੁਰੂ ਪੁੱਤਰ ਗੁਰੂ ਹੀ ਹੋ ਤੇ ਮੈਂ ਆਪ ਜੀ ਦੀ ਉਸੇ ਤਰ੍ਹਾਂ ਹੀ ਸੇਵਾ ਕਰਦਾ ਰਹਾਂਗਾ । ਤੱਦ ਬਾਬਾ ਜੀ ਨੇ ਕਿਹਾ ਕਿ ਇਹ ਕਾਰਜ ਆਪ ਜੀ ਨੂੰ ਪਿਤਾ ਜੀ ਨੇ ਸੌਂਪਿਆ ਹੈ ਸੋ ਆਪਦਾ ਕਾਰਜ ਹੈ ਪੂਰੀ ਵਾਂਗ ਡੋਰ ਸੰਭਾਲ ਕੇ ਸੰਗਤ ਦਾ ਕਲਿਆਣ ਕਰੋ । ਮੇਰੀ ਆਸ਼ੀਰ-ਵਾਦ ਅਤੇ ਸ਼ੁਭ ਕਾਮਨਾਵਾਂ ਆਪ ਜੀ ਦੇ ਨਾਲ ਹਨ, ਸੋ ਇਹ ਅਸੀਸਾ ਪ੍ਰਾਪਤ ਕਰ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਚਲੇ ਗਏ । ਬਾਬਾ ਸ੍ਰੀ ਚੰਦ ਜੀ ਉਦਾਸੀਨ (ਨਿਰਬਾਣ) ਗੁਰਤਾ ਗੱਦੀ ਨੂੰ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਸਾਰੇ ਗੁਰੂਆਂ ਨੇ ਮੰਨਿਆਂ ਹੈ । ਇਥੋਂ ਤਕ ਹੀ ਬਸ ਨਹੀਂ ਜਦੋਂ ਗੁਰੂ ਅੰਗਦ ਦੇਵ ਜੀ ਗਦੀ ਤੇ ਬੈਠੇ ਤਾਂ ਇਕ ਸਿਖ ਸਰਧਾਲੂ ਆਪਣੀ ਕਮਾਈ ਦਾ ਕੁਝ ਹਿਸਾ ਦਾਨ ਕਰਨ ਲਈ ਆਇਆ ਉਸਨੇ ਲੰਗਰ ਵਿਚ ਕੁਲ ਭੇਟਾ ਦਿਤੀ ਤੇ ਬਾਕੀ ਉਸ ਦੇ ਮਨ ਵਿਚ ਸੰਸਾ ਹੋਇਆ ਕਿ ਇਹ ਗਦੀ ਨਸ਼ੀਨ ਗੁਰੂ ਅੰਗਦ ਦੇਵ ਜੀ ਕੋਲ ਖਡੂਰ ਸਾਹਿਬ ਭੇਟਾ ਕਰਾਗਾ, ਇਸ ਦੇ ਮਨ ਦੀ ਕਲਪਣਾ ਨੂੰ ਬਾਬਾ ਸ੍ਰੀ ਚੰਦ ਜੀ ਜਾਣ ਗਏ । ਉਹਨਾਂ ਨੇ ਉਸ ਨੂੰ ਅਸ਼ੀਰਵਾਦ ਦੇਣ ਦੀ ਥਾਂ ਕੰਧ ਤੇ ਅੰਗੂਠਾ ਰਖਿਆ, ਸਿਖ ਫੇਰ ਉਠ ਨਾ ਸਕਿਆ ਤੇ ਜ਼ਮੀਨ ਨਾਲ ਹੀ ਜਕੜ ਗਿਆ । ਉਸ ਦੀ ਚੀਖ ਪੁਕਾਰ ਸੁਣਕੇ ਹੋਰ ਸਿਖ ਸੰਗਤ ਅਤੇ ਭਾਈ ਬੁੱਢਾ ਜੀ ਨੇ ਪੁਛਿਆ, ਤੇ ਉਸ ਨੇ ਦਸਿਆ ਕਿ ਮੇਰੇ ਮਨ ਵਿਚ ਲੰਗਰ ਭੇਟਾ ਦੇਣ ਲਈ ਸੰਸਾ ਆਇਆ ਸੋ ਇਹ ਮੇਰੇ ਨਾਲ ਇਸ ਤਰ੍ਹਾਂ ਦਾ ਹਾਲ ਹੋਇਆ ਹੈ । ਬਾਬਾ ਜੀ ਨੇ ਦਸਿਆ ਕਿ ਕਰਤਾਰਪੁਰ ਧਰਮ ਸਾਲ ਕਰਤਾ ਪੁਰਖ ਦੇ ਹੁਕਮ ਨਾਲ ਤੇ ਧੰਨ ਗੁਰੂ ਨਾਨਕ

ਦੇਵ ਜੀ ਨੇ ਥਾਪੀ ਹੈ ਇਥੇ ਹੀ ਭਾਈ ਲਹਿਣਾ ਜੀ( ਗੁਰੂ ਅੰਗਦ ਦੇਵ ਜੀ) ਨੇ ਸਿਰ ਤੇ ਲੂਣ ਚੁਕ ਕੇ ਲੰਗਰ ਦੀ ਸੇਵਾ ਕੀਤੀ ਸੀ, ਸੋ ਇਸ ਦਾ ਲੰਗਰ ਹਮੇਸ਼ਾਂ ਚਲਦਾ ਹੀ ਰਹੇਗਾ। ਉਹ ਸਿਖ ਸਮਝ ਗਿਆ ਅਤੇ ਸਾਰੀ ਭੇਟਾ ਬਾਬਾ ਜੀ ਦੇ ਚਰਨਾਂ ਵਿਚ ਰਖੀ ਤੇ ਬਾਬਾ ਜੀ ਨੇ ਮੋੜ ਦਿਤੀ, ਤੇ ਆਖਿਆ ਉਥੇ ਵੀ ਆਪਣਾ ਲੰਗਰ ਹੈ ਅਸੀਂ ਤਾਂ ਇਹ ਕੌਤਕ ਤੇਰੇ ਜਿਹੇ ਸੰਸੇ ਵਿਚ ਗ੍ਰਸੇ ਸਿਖਾ ਲਈ ਰਚਿਆ ਸੀ ਸੋ ਸ਼ਾਰੀ ਸੰਗਤ ਸੁਣ ਕੇ ਨਿਹਾਲ ਹੋਈ।

ਹੁਣ ਮਾਤਾ ਸੁਲਖਣੀ ਜੀ ਵੀ ਪ੍ਰਲੋਕ ਸੁਧਾਰ ਚੁਕੇ ਸਨ। ਬਾਬਾ ਸ੍ਰੀ ਚੰਦ ਜੀ ਕਈ ਕਈ ਦਿਨ ਤਕ ਸਮਾਧੀ ਵਿਚ ਲੀਨ ਰਹਿੰਦੇ ਸਨ। ਅਤੇ ਆਪ ਜੀ ਨੇ ਆਪਣੇ ਛੋਟੇ ਭਰਾ ਲਖਮੀ ਚੰਦ ਦੀ ਸ਼ਾਦੀ ਕਰ ਦਿਤੀ ਕਿ ਆਪਣੇ ਪਿਤਾ ਦੀ ਕੁਲ ਚਲਦੀ ਰਹੇ। ਸੋ ਲਖਮੀ ਚੰਦ ਦਾ ਪੁੱਤਰ ਧਰਮ ਚੰਦ ਜਿਸ ਦੀ ਸੇਵਾ ਸੰਭਾਲ ਆਪ ਨੇ ਕੀਤੀ ਅਤੇ ਆਪ ਉਸ ਨੂੰ ਬਹੁਤ ਪਿਆਰ ਕਰਦੇ ਸਨ। ਕਿਹਾ ਜਾਂਦਾ ਹੈ ਕਿ ਚਰਪਟ ਨਾਥ ਜੋ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਸੁਣ ਚੁਕਿਆ ਜੀ ਤੇ ਉਹ ਬਾਬਾ ਸ੍ਰੀ ਚੰਦ ਜੀ ਕੋਲ ਵੀ ਗਿਆ ਤੇ ਉਸਨੇ ਪ੍ਰਸ਼ਾਦ ਵਜੋਂ ਇਕ ਅੰਬ ਭੇਜਿਆ। ਬਾਬਾ ਜੀ ਨੇ ਅਗੋਂ ਕਿਹਾ। ਅਸੀਂ ਤਿੰਨ ਬੰਦੇ ਹਾਂ—ਬਾਬਾ ਸ੍ਰੀ ਚੰਦ, ਬਾਬਾ ਧਰਮ ਚੰਦ, ਭਾਈ ਕਮਲੀਆ ਜੀ—ਅਗਰ ਤਿੰਨ ਅੰਬ ਹੈਨ ਤਾਂ ਭੇਜੋ, ਇਕ ਨੂੰ ਕਿਵੇਂ ਵਡਿਆ ਜਾਵੇ, ਸੋ ਉਸਨੇ ਕਿਹਾ ਆਪ ਗੁਰੂ ਦੇ ਪੁਤਰ ਹੋ ਅਗਰ ਆਪਦੇ ਪਿਤਾ ਕਰਾਮਤੀ ਸਨ ਤੇ ਆਪ ਵਿਚ ਸ਼ਕਤੀ ਨਹੀਂ, ਆਪ ਵੀ ਕਰਾਮਾਤ ਨਾਲ ਅੰਬਾਂ ਦਾ ਖੇਤ ਬਣਾ ਸਕਦੇ ਸੋ। ਸੋ ਬਾਬਾ ਜੀ ਨੇ ਅੰਬ ਲੈ ਕੇ ਜੰਗਲ ਵਿਚ ਨਿਚੋੜਿਆ ਤੇ ਰਾਤੋ ਰਾਤ ਅੰਬਾ ਦਾ ਖੇਤ ਭਰ ਗਿਆ, ਚਰਪਟ ਨਾਥ ਸਿਰ ਝੁਕਾ ਕੇ ਮਥਾ ਟੇਕਿਆ ਅਤੇ ਬਾਬਾ ਜੀ ਨੇ ਸੰਗਤ ਨੂੰ ਇਹਨਾਂ ਬਾਰੇ ਦਸਿਆ ਕਿ ਵੰਡ ਕੇ ਖਾਇਆ ਕਰੋ, ਜੋ ਵੇਚੇਗਾ ਦੁਖ ਪਾਏਗਾ।

ਜਦੋਂ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਮਿਲੀ ਤਾਂ ਉਹ ਸਭ ਤੋਂ ਪਹਿਲੇ ਬਾਰਠ ਵਿਚ ਬਾਬਾ ਸ੍ਰੀ ਚੰਦ ਜੀ ਦੇ ਦਰਸ਼ਨਾਂ ਨੂੰ ਆਏ ਤੇ ਆਪਣਾ ਪੁੱਤਰ ਮੋਹਨ ਜੀ ਨੂੰ ਨਾਲ ਲਿਆਏ। ਬਾਬਾ ਸ੍ਰੀ ਚੰਦ ਜੀ ਨੇ ਜਗਿਆਸੂ ਜਾਣ ਪੁੱਤਰ ਦੀ ਮੰਗ ਕੀਤੀ ਤੇ ਗੁਰੂ ਅਮਰਦਾਸ ਜੀ ਨੇ ਮਥਾ ਟੇਕਿਆ।

ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਜਦੋਂ ਗਦੀ ਤੇ ਬੈਠੇ ਤਾਂ ਬਾਬਾ ਜੀ ਦੇ ਦਰਸ਼ਨਾਂ ਨੂੰ ਆਏ ਤਾਂ ਬਾਬਾ ਜ਼ੀ ਪ੍ਰਾਣ ਦਸਮ ਦੁਆਰ ਤੇ ਚੜ੍ਹਾ ਕੇ ਬੈਠੇ ਹੋਏ ਸਨ। ਗੁਰੂ ਰਾਮਦਾਸ ਜੀ ਨੇ 500 ਰੁਪਏ ਬਸਤਰ ਮਿਠਾਈ ਭੇਟਾ ਕਰ ਮਥਾ ਟੇਕਿਆ ਤੇ ਬਾਬਾ ਜੀ ਦੇਖ ਖੁਸ਼ ਹੋ ਰਹੇ ਸਨ ਕਿ ਸੋਢੀ ਪਾਤਸ਼ਾਹੀ ਤਕ ਗਦੀ ਪਹੁੰਚਾਣ ਲਈ, ਪਿਤਾ ਜੀ ਨੇ ਗਦੀ ਭਾਈ ਲਹਿਣਾ ਜੀ ਨੂੰ ਦਿਤੀ ਸੀ। ਸੋ ਆਪ ਰਾਮਦਾਸ ਵਲ ਖੁਸ਼ ਹੋ ਨਿਹਾਰ ਰਹੇ ਸਨ ਕਿ ਆਪ ਦਾ ਧਿਆਨ ਉਹਨਾਂ ਦੀ ਭਰਜਵਾਨੀ ਦੀ ਅਵਸਥਾ ਵਿਚ ਜ਼ਰੂਰਤ ਤੋਂ ਜ਼ਿਆਦਾ ਵਧਿਆ ਦਾਹੜੇ ਤੇ ਪਿਆ, ਤੇ ਬਾਬਾ ਜੀ ਨੇ ਪਰਖਣ ਲਈ ਹਸਦਿਆਂ ੨ ਕਿਹਾ। ਰਾਮਦਾਸ ਜੀਉ, ਤੁਹਾਡਾ ਦਾਹੜਾ ਕੁਝ ਜ਼ਿਆਦਾ ਹੀ ਵੱਡਾਂ ਹੋ ਆਇਆ ਹੈ ਤਾਂ ਰਾਮਦਾਸ ਜੀ ਨੇ ਨਿੰਮਰਤਾ ਪੂਰਵਕ ਕਿਹਾ। ਆਪ ਜੀ ਵਰਗੇ ਸਾਧੂ ਸੰਤਾ ਦੇ ਚਰਨ ਝਾੜਣ ਖਾਤਰ ਇਹ ਇਹਨਾਂ ਵਧਿਆ ਹੈ, ਉਹ ਆਂਪਣੇ ਦਾਹੜੇ ਨੂੰ ਫੜ ਕੇ ਚਰਨ ਝਾੜਨ ਲਗ ਪਏ ਇਸ ਤਰ੍ਹਾਂ ਵੇਖ ਕੇ ਬਾਬਾ ਜੀ ਗਦ ਗਦ ਹੋਏ ਤੇ ਰਜ ਆਸ਼ੀਸਾ ਦਿਤੀਆਂ। ਦੋਹਿਤਾ ਬਾਣੀ ਦਾ ਬੋਹਿਥਾ ਪੰਜਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਆਪਣੇ ਪਿਤਾ ਦੀ ਤਰ੍ਹਾਂ ਬਾਬਾ ਸ੍ਰੀ ਚੰਦ ਜੀ ਦੇ ਚਰਨ ਦਾਹੜੀ ਨਾਲ ਝਾੜਦੇ ਸਮਿੰਨਰ ਮਥਾ ਟੇਕਿਆ ਤੇ ਰਜ ਆਸੀਸਾ ਪਾਈਆ। ਬਾਬਾ ਜੀ ਨੇ ਗੁਰੂ ਅਰਜਨ ਦੇਵ ਜੀ ਪਾਸੋਂ ਸ਼ਬਦ ਸੁਣੇ ਅਤੇ 16 ਅਸ਼ਟਪਦੀਆਂ ਸ੍ਰੀ ਸੁਖਮਨੀ ਸਾਹਿਬ ਦੀਆਂ ਸੁਣਾਈਆਂ ਤੇ ਇਹ ਸੁਣ ਕੇ ਬਾਬਾ ਜੀ ਨੇ ਆਸ਼ੀਰਵਾਦ ਦਿਤੀ ਅਤੇ 17ਵਾਂ ਸਲੋਕ—

"ਆਦਿ ਸਚੁ ਜੁਗਾਦਿ ਸਚੁ
ਹੈਭਿ ਸਚੁ ਨਾਨਕ ਹੋਸੀ ਭਿ ਸਚੁ

ਉਚਾਰ ਕੇ ਅਗੋ ਹੋਰ 8 ਅਸ਼ਟਪਦੀਆਂ ਲਿਖਣ ਦੀ ਪ੍ਰੇਰਨਾ ਦਿਤੀ ਅਤੇ ਇਥੇ ਹੀ ਬਸ ਨਹੀਂ ਉਨ੍ਹਾਂ ਨੇ ਬਾਬਾ ਜੀ ਤੋਂ ਗਰਬਾਣੀ ਦੀਆਂ ਸੰਚੀਆ ਲੈ ਕੇ ਤੇ ਆਸ਼ੀਰਵਾਦ ਪ੍ਰਾਂਪਤ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਆਰੰਭ ਕੀਤੀ। ਅਤੇ ਚਰਨਾ ਵਿਚ ਬੇਨਤੀ ਕਰ ਕਿਹਾ ਕਿ ਅਜ ਤੋਂ ਬਾਬਾ ਧਰਮਚੰਦ ਲਈ ਹਰ ਸਾਲ ਲਈ ਗੁਰੂ ਘਰ ਵਲੋਂ ਪੁਸ਼ਾਕਾ, ਘੋੜਾ, 500 ਰੁਪਏ ਨਕਦ ਆਇਆ ਕਰਨਗੇ ਸੋ ਇਸੇ ਤਰ੍ਹਾਂ ਹੀ ਹੁੰਦਾ ਰਿਹਾ।

ਰਚਨਾ ਗੁਰੂ ਗ੍ਰੰਥ ਸਾਹਿਬ ਪੂਰਾ ਕਰ ਗਦੀ ਛੇਵੀਂ ਪਾਤਸ਼ਾਹੀ ਗੁਰੂ ਹਰਿ ਗੋਬਿੰਦ ਸਾਹਿਬ ਪਾਸ ਆਈ ਤੇ ਉਹ ਵੀ ਆਪਣੇ ਸਪੁੱਤਰਾਂ ਸਮੇਤ ਬਾਬਾ ਜੀ ਦੇ ਦਰਸ਼ਨਾਂ ਨੂੰ ਆਏ । ਆਪਣਾ ਵੱਡਾ ਪੁੱਤਰ ਬਾਬਾ ਗੁਰਦਿਤਾ ਜੀ, ਬਾਬਾ ਜੀ ਨੂੰ ਭੇਟਾ ਕਰ ਤੇ ਬੇਨਤੀ ਕੀਤੀ ਕਿ ਇਸ ਨੂੰ ਚਰਨਾਂ ਵਿਚ ਸਥਾਨ ਦਿਉ ਸੋ ਇਹ ਗਲ ਪ੍ਰਮਾਣ ਹੈ ਕਿ ਬਾਬਾ ਜੀ ਕੋਈ ਮਹਾਨ ਪਵਿਤਰ ਆਤਮਾ ਹੀ ਸਨ ਜਿਨ੍ਹਾਂ ਅਗੇ ਪੂਰੇ ਗੁਰੂ ਆਪਣਾ ਸੀਸ ਝੁਕਾਦੇ ਰਹੇ ।

ਬਾਬਾ ਸ੍ਰੀ ਚੰਦ ਜੀ ਜਤੀ ਸਤੀ ਹੋਣ ਦੇ ਨਾਲ ੨ ਕੋਮਲਤਾ ਦੇ ਪੁੰਜ ਸਨ । ਇਕ ਦਿਨ ਬਾਬਾ ਜੀ ਸ਼ਾਮ ਦੇ ਸਮੇਂ ਕਰਤਾ ਦੀ ਕੁਦਰਤਾ ਵਿਚ ਵਿਸਮੇ ਹੋਏ ਬੈਠੇ ਸਨ ਕਿ ਆਪਦੇ ਕੰਨਾਂ ਵਿਚ ਰੋਣ ਤੇ ਕੁਰਲਾਣ ਦੀ ਆਵਜ਼ ਆਈ । ਐਸੀ ਦਰਦ ਭਰੀ ਕੂਕ ਪੁਕਾਰ ਸੀ, ਕਿ ਆਪ ਚੌਂਕ ਉਠੇ ਤੇ ਕੀ ਦੇਖਿਆ, ਇਕ ਮਾਈ ਜਿਸ ਦਾ ਇਕੋ ਪੁੱਤਰ ਸੀ, 'ਮਰ ਗਿਆ' ਹੈ ਤੇ ਉਸ ਦੀ ਅਰਥੀ ਜਾ ਰਹੀ ਹੈ ਤੇ ਮਾਂ ਰੋਂਦੀ ੨ ਬਾਬਾ ਜੀ ਦੇ ਚਰਨਾਂ ਨੂੰ ਲਿਪਟ ਗਈ । ਕੋਮਲ ਚਿਤ ਬਾਬਾ ਜੀ ਤੋਂ ਰਿਹਾ ਨਾ ਗਿਆ ਤੇ ਕਿਹਾ ਮਾਈ, ਤੂੰ ਕਿਉਂ ਰੋਂਦੀ ਹੈਂ ਤੇਰਾ ਬਚਾ ਤਾਂ ਸੁੱਤਾ ਪਿਆ ਹੈ, ਇਹਨੂੰ ਮੋਇਆ ਹੋਇਆ ਨਾ ਜਾਣ, ਤੇ ਛੇਤੀ ਜਾ ਸਤਿਨਾਮੁ ਆਖ ਕੇ, ਜਗਾ ਲੈ—ਇਹਨਾਂ ਬਚਨਾਂ ਨੇ ਡੁਬਦੀ ਨੂੰ ਤਿਨਕੇ ਦਾ ਸਹਾਰੇ ਵਾਂਗ ਕੰਮ ਕੀਤਾ । ਉਹ ਦੌੜ ਕੇ ਗਈ ਅਰਥੀ ਨੂੰ ਥਲੇ ਰਖਵਾ ਆਪਣੇ ਪੁੱਤਰ ਨੂੰ ਸਤਿਨਾਮੁ ਕਹਿ ਉਠਾਇਆ ਸਚਮੁਚ ! ਉਹ ਜਾਗ ਉਠਿਆ ! ਸਭ ਹੈਰਾਨ ਸਨ ਤੇ ਆ ਕੇ ਬਾਬਾ ਜੀ ਦੇ ਚਰਨਾਂ ਨੂੰ ਲਿਪਟ ਗਏ ।

ਬਾਬਾ ਜੀ ਨੇ ਹਿੰਦੂ ਧਰਮ ਦੀ ਨੀਵ ਹੋਰ ਪੱਕੀ ਕਰਨ ਲਈ ਹਿੰਦੂਆਂ ਨਾਲ ਸਾਂਝ ਰਖੀ ਅਤੇ ਹਿੰਦੂ ਲੋਕਾਂ ਨੂੰ ਆਪਣੇ ਧਰਮ ਤੇ ਮਰ ਮਿਟਣ ਦਾ ਆਦੇਸ਼ ਦਿਤਾ ਤੇ ਕਿਹਾ ਡਰਨ ਦੀ ਲੋੜ ਨਹੀਂ, ਅਗਰ ਕੋਈ ਤੁਹਾਡੇ ਕੋਲ ਇਸ ਬਾਬਤ ਪੁੱਛੇ ਕਰੇ ਤਾਂ ਮੇਰਾ ਨਾਮ, ਦਸ ਦੇਣਾ, ਸੋ **ਸ਼ੇਰ ਅਫਗਾਨ ਖਾਂ** ਨੂੰ ਜਦੋਂ ਇਸ ਬਾਬਤ ਪਤਾ ਚਲਿਆ ਤਾਂ ਉਹ ਆਪ ਜੀ ਦੀ ਇਸ ਨਿਡਰਤਾ ਭਰੀ ਗੱਲ ਸੁਣ ਕੇ ਦਰਸ਼ਨਾ ਨੂੰ ਆਇਆ । ਤੇ ਕਿਹਾ, ਫਕੀਰ ਸਾਂਈ ਸਲਾਮ, ਇਕ ਅਰਜ਼ ਹੈ— ਤੁਸੀਂ ਗੁਰੂ ਨਾਨਕ ਦੇ ਪੁੱਤਰ ਹੋ ਤੇ ਅਸੀਂ ਦਰਸ਼ਨਾਂ ਨੂੰ ਆਏ ਹਾਂ ਅਤੇ ਇਕ ਨਿਰਣਾ ਲੈਣਾ ਹੈ ਕਿ ਜੋ ਹਿੰਦੂ ਤੋਂ ਮੁਸਲਮਾਨ ਹੋ ਚੁਕੇ ਹਨ ਉਹਨਾਂ ਨੂੰ ਮੁੜ ਹਿੰਦੂ ਬਣਨ ਲਈ ਕਿਉਂ ਪ੍ਰੇਰਿਤ ਕੀਤਾ ਹੈ ਇਸ ਦਾ ਕੀ ਰਾਜ ਹੈ ਬਾਬਾ ਜੀ ਨੇ ਇਸ ਦਾ ਜਵਾਬ ਜ਼ੁਬਾਨੀ ਦੇਣ ਦੇ ਬਜਾਏ ਕੌਤਕ ਰੂਪ ਵਿਚ ਦਿਤਾ । ਉਹਨਾਂ ਨੇ ਧੂੰਣੇ ਵਿਚੋਂ ਚਿਨਾਰ ਦੀ ਇਕ ਸੜਦੀ ਲਕੜੀ ਕੱਢ ਕੇ ਜੋਸ਼ ਨਾਲ ਜ਼ਮੀਨ ਵਿਚ ਗੱਡ ਦਿਤੀ ਅਤੇ ਉਚੀ ਆਵਾਜ਼ ਵਿਚ ਸਤਿ ਕਰਤਾਰ ਆਖਿਆ, ਦੇਖਦੇ ੨ ਕੁਝ ਸਮੇਂ ਦੇ ਅੰਦਰ ਲਕੜੀ ਵਿਚੋਂ ਹਰੇ ਪੱਤੇ ਟਾਹਣੀਆਂ ਆਦਿ ਦੀਆਂ ਕੋਂਪਲਾ ਫੁਟਣੀਆਂ ਸ਼ੁਰੂ ਹੋ ਗਈਆਂ । ਸਾਰਿਆਂ ਕੌਤਕ ਨੂੰ ਵੇਖਕੇ ਸੁਭਹਾਨ ਅੱਲਾ, ਸੁਭਹਾਨ ਅੱਲਾ ਕਹਿਣਾ ਸ਼ੁਰੂ ਕਰ ਦਿਤਾ । ਬਾਬਾ ਜੀ ਨੇ ਦਸਿਆ ਪ੍ਰਮਾਤਮਾ ਇਕ ਹੈ ਇਹ ਸਭ ਦੁਨੀਆਂ ਉਸ ਦਾ ਬਾਗ ਹੈ ਤੇ ਵੱਖੋ ਵੱਖ ਰੰਗ ਰੂਪਾਂ ਤੇ ਖਿਆਲਾਂ ਮਹਜ਼ਬਾ ਦੇ ਲੋਕ ਇਸ਼ ਦੁਨੀਆਂ ਰੂਪੀ ਬਾਗ ਦੇ ਵੇਲ ਬੂਟੇ ਹਨ, ਜਿਸ ਮਾਲਕ ਨੇ ਆਪਣੀ ਖੁਸ਼ੀ ਲਈ, ਆਪਣੇ ਬਾਗ ਵਿਚ ਮਗਰ ਕੋਈ ਸੈਰ ਕਰਨ ਆਵੇ ਤੇ ਮਨ ਮਰਜ਼ੀ ਦਾ ਰਾਜਾ ਬਣ ਉਸ ਨੂੰ ਕਟਣਾ ਵਢਣਾ ਸ਼ੁਰੂ ਕਰ ਦੇਵੇ ਤਾ ਉਸ ਬਾਗ ਦਾ ਮਾਲਕ ਕਿਆ ਖੁਸ਼ ਹੋਵੇਗਾ ਕਿ ਉਸ ਦਾ ਦਿਲ ਨਹੀਂ ਦੁਖੇਗਾ ? ਮੁਸਲਮਾਨਾ ਨੂੰ ਤਾਂ ਮੋਮ ਦਿਲ ਹੋਣਾ ਚਾਹੀਦਾ ਹੈ ਨਾ ਕਿ ਖੁਦਾਈ ਨੂੰ ਤੜਫਾ ਤੜਫਾ ਕੇ ਮਾਰਨਾ ਬਾਬਰ ਦੇ ਅਤਿਆ-ਚਾਰ ਨੇ ਮੇਰੇ ਪੂਜ ਪਿਤਾ ਗੁਰੂ ਨਾਨਕ ਤੋਂ ਕਰਤਾਰ ਦੀ ਦੁਹਾਈ ਵਿਚ ਆਵਾਜ਼ ਬੁਲੰਦ ਕਰਾਈ,

ਏਤਿ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨਾ ਆਇਆ

ਸੋ ਹੁਣ ਤੁਸੀਂ ਦਸੋ, ਕਿ ਰੱਬ ਨੂੰ ਰਬੁਲਆਲਮੀਨ ਮੰਨਦੇ ਹੋ, ਜਾ ਕਿ ਰਬੁਲਮੁਸਲਮੀਨ ਹੈ । ਸੋ ਸੇਖ ਅਫਗਾਨ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤੇ ਸਿਜਦਾਂ ਕਰਨ ਲਗਾ ਤੇ ਅਗੋਂ ਲਈ ਜ਼ੁਲਮ ਨਾ ਕਰਨ ਦਾ ਵਚਨ ਕਰ ਚਲਾ ਗਿਆ ।

ਇਕ ਵਾਰੀ ਜਹਾਂਗੀਰ, ਰਾਜ ਸਭਾ ਵਿਚ ਦਿਲ ਲਗੀ ਕਰਦਿਆਂ, ਆਪਣੇ ਮੁਰਸ਼ਿਦ ਪੀਰ ਮੀਆਂ ਮੀਰ ਪਾਸੋਂ ਪੁਛਿਆ ਕਿ ਜਿਵੇਂ ਪਰਜਾ ਵਿਚ ਮੈਂ ਬਾਦਸ਼ਾਹ ਹਾਂ । ਸੋ ਫਕੀਰੀ ਲੋਕਾਂ ਵਿਚ ਵੱਡਾ ਫਕੀਰ ਕੌਣ ਹੈ, ਤਾਂ ਮੀਆ ਮੀਰ ਨੇ ਹਸ ਕੇ ਕਿਹਾ, ਅਜ ਕਲ ਤਾਂ (ਫੁਕਰਾਏ ਸ਼ਹਨਸ਼ਾਹ ਪਿਸਰੇ ਨਾਨਕ) ਜਿਸਤੋਂ ਭਾਵ ਸੀ ਕਿ ਨਾਨਕ ਦਾ ਪੁੱਤਰ ਅਜ ਕਲ ਦੇ ਫਕੀਰਾਂ ਦਾ ਸ਼ਹਿਨਸ਼ਾਹ ਹੈ । ਸੋ ਇਹ ਸੁਣ ਜਹਾਂਗੀਰ ਬਾਬਾ ਜੀ ਨੂੰ ਮਿਲਣ ਲਈ ਲਲਾਇਤ ਹੋਇਆ ਤੇ ਸੰਦੇਸ਼

ਭੇਜਿਆ, ਕਿ ਬਾਬਾ ਜੀ ਆਉਣ ਤੇ ਮਿਲਣ ਪਰ ਬਾਬਾ ਜੀ ਨੇ ਆਣਾ ਜ਼ਰੂਰੀ ਨਹੀਂ ਜਾਣਿਆ ਤੇ ਉਹ ਇਨਸਾਨ ਜਿਸਨੇ ਗੁਰੂ ਅਰਜਨ ਜੀ ਦਾ ਕਤਲ ਕੀਤਾ, ਗੁਰੂ ਹਰਿ ਗੋਬਿੰਦ ਸਾਹਿਬ ਨੂੰ ਨਜ਼ਰਬੰਦ ਰਖਿਆ। ਉਸ ਨੂੰ ਮਿਲਣਾ ਤਾਂ ਕਿ ਉਸ ਦੀ ਸ਼ਕਲ ਵੇਖਣਾ ਵੀ ਆਪਣੀ ਸ਼ਾਨ ਦੇ ਵਿਰੁਧ ਸਮਝਦੇ ਸਨ। ਪਰ ਜਾਣੀ ਜਾਣ ਬਾਬਾ ਜੀ ਸਮਝਦੇ ਸਨ, ਕਿ ਇਹ ਸਾਰਾ ਕੰਮ ਚੰਦੂ ਦੀ ਚੰਡਾਲ ਬਿਰਤੀ ਨੇ, ਜਹਾਂਗੀਰ ਨੂੰ ਉਕਸਾ ਕੇ, ਕਰਾਇਆ ਤੇ ਮਿਲਣ ਦਾ ਮਨ ਬਣਾ ਹੀ ਲਿਆ। ਮੁਕਰੱਰ ਕੀਤੇ ਸਮੇਂ ਤੇ, ਬਾਬਾ ਜੀ ਬੀਮਾਰ ਹੋ ਗਏ। ਸਰਦੀ ਨਾਲ ਕੰਬ ਰਹੇ ਸਨ। ਬਾਦਸ਼ਾਹ ਨੂੰ ਮਿਲਣਾ ਵੀ ਬਹੁਤ ਜ਼ਰੂਰੀ ਸੀ। ਰਾਜ ਦਰਬਾਰ ਵਲੋਂ ਬੜੇ ਸਤਿਕਾਰ ਨਾਲ ਆਪ ਜੀ ਲਈ ਸਿੰਘਾਸਨ ਤਿਆਰ ਕੀਤਾ ਗਿਆ। ਬਾਬਾ ਜੀ ਨੇ ਗੋਦੜੀ ਨੂੰ ਸਾਹਮਣੇ ਰਖਿਆ ਤੇ ਅਦਬ ਅਦਾਬ ਤੋਂ ਬਾਅਦ ਬਲਾਣ ਦਾ ਕਾਂਰਨ ਪੁਛਿਆ। ਪਰ ਬਾਦਸ਼ਾਹ ਨੇ ਦੋ ਤਿੰਨ ਵਾਰ ਬਾਬਾ ਜੀ ਤੋਂ ਗੋਦੜੀ ਬਾਰੇ ਪੁਛਿਆ ਤੇ ਕਿਹਾ, ਇਹ ਕੀ ਵਸਤੂ ਹੈ। ਬਾਬਾ ਜੀ ਨੇ ਟਾਲਦਿਆਂ ਕਿਹਾ। ਫਕੀਰਾਂ ਦੀਆਂ ਗੁਪਤ ਗੱਲਾਂ ਤੋਂ ਤੁਸੀਂ ਕੀ ਲੈਣਾ ਹੈ। ਪਰ ਬਾਦਸ਼ਾਹ ਨੇ ਹੱਠ ਕਰਕੇ, ਬਾਬਾ ਜੀ ਨੇ ਗੋਦੜੀ ਨੂੰ ਕਿਹਾ ਜੋ ਕੁਝ ਹੈ ਤੂੰ ਬਾਦਸ਼ਾਹ ਨੂੰ ਆਪਣਾ ਆਪ ਦਿਖਾ—ਇਹ ਵਾਦ ਕਹਿਣ ਦੀ ਦੇਰੀ ਸੀ, ਕਿ ਬਾਦਸ਼ਾਹ ਬੁਖਾਰ ਨਾਲ ਬੇਹੋਸ਼ ਹੋਣ ਲਗਾ। ਸਾਰੀ ਸ਼ਭਾ ਕੰਬ ਗਈ ਤੇ ਸਭਾ ਦੀਆਂ ਮਿੰਨਤਾ ਤਰਲਿਆਂ ਨਾਲ ਗੋਦੜੀ ਨੂੰ ਉਸੇ ਰੂਪ ਵਿਚ ਲਿਆ ਕੇ ਦਸਿਆ, ਕਿ ਮੁਲਾਕਾਤ ਦੇ ਸਮੇਂ, ਮੈਨੂੰ ਬੁਖਾਰ ਸੀ। ਸੋ ਮਿਲਣਾਂ ਜ਼ਰੂਰੀ ਸਮਝ ਕੇ, ਬੁਖਾਰ ਨੂੰ, ਗੋਦੜੀ ਵਿਚ ਬੰਨ੍ਹ, ਕਿ ਮਿਲਣ ਤੋਂ ਬਾਅਦ ਚੜ੍ਹਾ ਲਵਾਂਗੇ ਰਖਿਆ ਸੀ। ਬਾਦਸ਼ਾਹ ਨੇ ਕਿਹਾ ਅਗਰ ਤੁਹਾਡੇ ਕੋਲ ਇਤਨੀ ਸ਼ਕਤੀ ਹੈ; ਤਾਂ ਤੁਸੀਂ ਇਸ ਬੁਖਾਰ ਨੂੰ ਚੜ੍ਹਣ ਹੀ ਕਿਉਂ ਦਿਤਾ। ਬਾਬਾ ਜੀ ਨੇ ਕਿਹਾ ਰੱਬ ਦੇ ਰਾਹ ਤੇ ਚਲਣ ਨਾਲ, ਇਸ ਤਰ੍ਹਾਂ ਦੀਆਂ ਰਿਧੀਆਂ ਸਿਧੀਆਂ ਤੇ ਸ਼ਕਤੀਆਂ ਰੱਬ ਵਲੋਂ ਭਗਤ ਨੂੰ, ਜੇਬ ਖਰਚ ਵਿਚ ਮਿਲਦੀਆਂ ਹਨ। ਸੋ ਇਹਨਾਂ ਦੀ ਫਜ਼ੂਲ ਖ਼ਰਚ ਕਰਨ ਨਾਲ, ਮੰਜ਼ਲ ਤੋਂ ਵਾਝੇ ਰਹਿ ਜਾਈਦਾ ਹੈ ਇਸ ਤਰ੍ਹਾਂ ਜਹਾਂਗੀਰ ਦੀਆਂ ਅੱਖਾਂ ਖੁਲ੍ਹ ਗਈਆਂ।

ਬਾਬਾ ਸ੍ਰੀ ਚੰਦ ਜੀ ਕੁਝ ਦਿਨਾਂ ਤੋਂ ਮੋਨ ਸਾਧੇ ਸਮਾਧੀ ਵਿਚ ਲੀਨ ਸਨ। ਕਰਤਾਰਪੁਰ ਤੋਂ ਹੁੰਦੇ ਹੋਏ ਮੁੜ ਕੇ ਬਾਰਠ ਵਿਚ ਗਏ। ਚੰਬੇ ਦੇ ਰਾਜੇ ਨੇ, ਆਪ ਦੇ ਦਰਸ਼ਨਾ ਦੀ ਬੇਨਤੀ ਕੀਤੀ, ਜੋ ਪਰਵਾਨ ਕਰ ਆਪ ਚੰਬੇ ਨੂੰ ਆਏ। ਉਥੇ ਰਾਜ ਮਹਿਲਾ ਵਿਚ ਰਹਿਣ ਦੀ ਬਜਾਏ ਸਿਖ ਬ੍ਰਾਹਮਣ ਦੇ ਘਰ ਆਸਨ ਕੀਤਾ, ਜਿਵੇਂ ਕ੍ਰਿਸ਼ਨ ਨੇ ਬਿਦਰ ਦੇ ਘਰ, ਗੁਰੂ ਨਾਨਕ ਨੇ ਲਾਲੋ ਦੇ ਘਰ ਕੀਤਾ ਸੀ। ਆਪ ਕੁਝ ਦਿਨ ਸੰਗਤ ਦੇ ਪ੍ਰੇਮ ਵਸ ਉਥੇ ਟਿਕੇ ਰਹੇ ਮੁੜ। ਬਾਰਠ ਵਿਚ ਆਏ ਇਥੇ ਆਪ ਨੇ ਧਰਮ ਚੰਦ, ਮਾਣਕ ਚੰਦ, ਮਿਹਰ ਚੰਦ ਆਦਿ ਨੂੰ ਇਸ ਸੰਪਰਦਾ ਬਾਰੇ ਅਤੇ ਕਲਯੁੱਗ ਦਾ ਭਿਆਨਕ ਸਮਾਂ ਹੈ ਦਾ ਗਿਆਨ ਕਰਾ ਗੁਰੂ ਨਾਨਕ ਜੀ ਦੇ ਬਚਨਾ ਤੇ ਚਲਣ ਦਾ ਉਪਦੇਸ਼ ਦਿਤਾ। ਵਾਦ ਵਿਵਾਦ ਬਿਰਤੀ ਦਾ ਤਿਆਗ ਕਰ ਦੇਸ਼ ਧਰਮ ਸੇਵਾ ਕਰਨੀ,ਅਤੇ ਨਾਮ ਜਪਦੇ ਜਪਾਂਦੇ ਸਰਬਤ ਦਾ ਭਲਾ ਮੰਗਦੇ ਹੋਏ ਸੱਚੇ ਉਦਾਸੀ ਭੇਖ ਦਾ ਸਬੂਤ ਦੇਣਾ ਹੈ। ਭਾਈ ਕਮਲੀਆ ਜੀ ਨੂੰ ਵੀ ਸਿਖਿਆ ਦੇ ਆਪਣੇ ਪੂਜ ਪਿਤਾ ਗੁਰੂ ਨਾਨਕ (ਡੇਹਰਾ ਬਾਬਾ ਨਾਨਕ) ਦੇ ਸਥਾਨ ਤੇ ਸਵਾਸਾ ਤੀਕ ਸੇਵਾ ਸੰਭਾਲ ਦਾ ਉਪਦੇਸ਼ ਦਿਤਾ। ਕਿਉਂਕਿ ਆਪ ਹੁਣ ਆਪਣੇ ਸੱਚੇ ਦੇਸ਼ ਅਪੜਨ ਦੀਆਂ ਤਿਆਰੀਆਂ ਕਰ ਰਹੇ ਸਨ। ਜਿਸ ਬਾਬਾ ਜੀ ਨੂੰ ਆਪਣੇ ਪਿਤਾ ਗੁਰੂ ਨਾਨਕ ਵਲੋਂ 7 ਸਾਲ ਦੀ ਉਮਰ ਵਿਚ, ਸਤਿ-ਨਾਮੁ ਮੰਤ੍ਰ ਦਾ ਉਚਾਰਨ ਕਰਾਇਆ ਸੀ ਤੇ ਕਿਹਾ ਸੀ ਐਹ ਬੇਟਾ ਸ੍ਰੀ ਚੰਦ—

ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ਼ ॥
ਏਤਿ ਰਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥

ਇਹ ਲਾਈਨਾ ਸੁਣ ਕੇ, ਬਾਬਾ ਜੀ ਨੇ ਉਸ ਪ੍ਰਮਾਤਮਾ ਦੇ ਨਾਮ ਨੂੰ ਲਖੁ ਲਖੁ ਗੇੜੇ ਵਿਚ ਹੀ ਨਹੀਂ, ਕਰੋੜਾਂ ਦੇ ਗੇੜੇ ਨਾਲ, ਜਪਿਆ ਤੇ ਜਪਾਇਆ ਤੇ ਉਹ ਪ੍ਰਮਾਤਮਾ ਵੀ, ਇਹਨਾਂ ਦੀ ਪਵਿਤਰ ਆਤਮਾਂ ਨੂੰ ਸਦਾ ਲਈ ਆਪਣੇ ਵਿਚ ਅਭੇਦ ਕਰਨਾ ਚਾਹੁੰਦਾ ਸੀ। ਬਾਬਾ ਜੀ ਚੰਬੇ ਦੇ ਸਿਖ ਬ੍ਰਾਹਮਣ ਕੋਲ ਪੰਜ ਦਿਨ ਰਹੇ, ਤੇ ਸੰਗਤਾ ਨੂੰ ਨਿਹਾਲ ਕੀਤਾ, ਤੇ ਉਥੇ ਜੰਗਲ ਨੂੰ ਚਲੇ ਗਏ, ਸੰਗਤਾਂ ਨੇ ਸੋਚਿਆ, ਕਿ ਆਪ ਕਿਸੇ ਪਹਾੜੀ ਤੇ ਬਿਰਾਜੋਗੇ। ਪਰ ਆਪ ਚਲਦੇ ਗਏ ਤੇ ਸੰਗਤ ਨੂੰ ਬਹੁਤ ਔਖੇ ਹੋ ਆਸੀਸਾ ਦਿੰਦੇ, ਪਿਛੇ ਦੀ ਜੋਰੀ ਮੋੜਿਆ, ਅਤੇ ਆਪ ਇਕ ਪਿਪੱਲ ਦੇ ਹੇਠਾਂ ਚੋਂਕੜੀ ਮਾਰ ਕੇ, ਬੈਠ ਗਏ। ਜਦੋਂ ਲੋਕ ਚਲੇ ਗਏ, ਤਾਂ ਅੱਖ ਫਰਕ ਵਿਚ ਹੀ, ਬਾਬਾ ਜੀ ਲੋਪ ਹੋ ਗਏ ਸਨ। ਜਦੋਂ ਸੰਗਤਾਂ ਨੇ ਮੁੜ ਕੇ ਦੇਖਿਆ, ਤਾਂ ਬਾਬਾ ਜੀ ਦਿਖਾਈ ਨਹੀਂ ਦਿਤੇ ਤੇ ਨਾ ਹੀ ਕਿਸੇ ਨੇ ਆਪ ਨੂੰ ਜਾਂਦਿਆਂ ਦੇਖਿਆ ਸੀ। ਬਾਬਾ ਜੀ ਸੂਖਮ ਰੂਪ ਵਿਚ ਲੋਪ ਹੋ ਗਏ। ਲੋਗ ਨਿਮੋਂਝਣੇ ਹੋ ਕੇ ਘਰਾਂ ਨੂੰ ਪਰਤੇ। ਬਾਬਾ ਜੀ 149 ਸਾਲ ਨੀ ਉਮਰ ਬਿਤਾ 1700 ਬਿਕ੍ਰਮੀ ਦੀ ਪੋਹ ਕ੍ਰਿਸ਼ਨਾਂ ਪੱਖ ਦੀ ਪੰਚਮੀ ਨੂੰ ਨਿਰੰਕਾਰੀ ਜੋਤ ਨਾਲ ਜਾ ਮਿਲੇ। ਜਿਹਨਾਂ ਦੀ ਅਜ ਵੀ ਲੋਕਾਂ ਦੇ ਮਨਾ ਤੇ ਅਮਿਟ ਪ੍ਰਭਾਵ, ਦੇਸ਼ ਭਰ ਦੇ ਕੋਨੇ ਕੋਨੇ ਵਿਚ ਵੇਖ ਸਕਦੇ ਹਾਂ।

ਨਾਮ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦ ॥
ਦੇ ਅਨੁਸਾਰ ਆਪ ਜੀ ਦਾ ਨਾਮ ਵੀ ਅਮਰ ਹੈ।

—o—

ਅੱਜ ਜਨਮ ਦਿਨ ਉੱਤੇ

# ਸ੍ਰੀ ਚੰਦ ਸਰੂਪ ਧਰਿਉ ਕਲਿ ਆਏ

( ਸੁਆਮੀ ਈਸ਼ਵਰ ਦਾਸ ਸ਼ਾਸਤਰੀ )

ਜਦੋਂ ਵੀ ਇਸ ਰਿਸ਼ੀਆਂ ਮੁਨੀਆਂ ਅਵਤਾਰਾਂ, ਦਸਾਂ ਗੁਰੂਆਂ, ਚੋਹਾਂ ਵੇਦਾਂ, ਛੇ ਸ਼ਾਸਤਰਾਂ, ਗੁਰੂ ਗ੍ਰੰਥ ਸਾਹਿਬ ਗੀਤਾ ਰਮਾਇਣ ਦੀ ਇਸ ਪਵਿਤਰ ਧਰਤੀ ਤੇ ਆਪਤੀ ਆਈ, ਦਾਨਵ ਬ੍ਰਿਤੀ ਦਾ ਵਾਧਾ ਹੋਇਆ, ਅਤਿਆਚਾਰ ਦੁਰਾਚਾਰ ਭ੍ਰਿਸ਼ਟਾਚਾਰ ਤੇ ਅਨਾਚਾਰ ਵਧ ਗਏ ਤਾਂ ਉਸ ਸਮੇਂ ਸੰਤਾਂ ਭਗਤਾਂ ਦੀ ਰਖਿਆ ਵਾਸਤੇ ਅਤੇ ਦੁਸ਼ਟਾਂ ਦੇ ਨਾਸ਼ ਵਾਸਤੇ ਕਿਸੇ ਨਾ ਕਿਸੇ ਈਸ਼ਵਰੀਯ ਤਾਕਤ ਦਾ ਆਗਮਨ ਹੋਇਆ । ਇਵੇਂ ਸੀ ਸੋਲਵੀਂ ਸ਼ਤਾਬਦੀ 'ਚ ਜਦੋਂ ਚਾਰੇ ਪਾਸੇ ਦਾ ਨਵ ਲੀਲਾ ਦਾ ਤਾਂਡਵ ਨਾਚ ਹੋ ਰਿਹਾ ਸੀ, ਧਾਰਮਿਕ ਕੰਮਾਂ ਤੇ ਪਾਬੰਦੀ ਲਗੀ ਹੋਈ ਸੀ, ਪਵਿਤਰ ਭਾਰਤ ਭੂਮੀ ਮੁਸਲਿਮ ਸ਼ਾਸਕਾਂ ਦੇ ਅਧੀਨ ਸੀ ਧਰਮ ਦੀ ਜੈ ਦੀ ਬਜਾਇ ਅਧਰਮ ਦੀ ਜੈ ਜੈ ਕਾਰ ਸੀ ਅਧਮ ਢਾ ਨਹੀਂ ਬਲਕਿ ਧਰਮ ਦਾ ਨਾਸ ਹੋ ਰਿਹਾ ਸੀ ਉਸ ਵੇਲੇ ਵਧ ਰਹੇ ਪਾਪਾਂ ਦੇ ਕਾਰਨ ਦੁਖੀ ਧਰਤੀ ਨੇ ਭਗਵਾਨ ਮਹਾਂਦੇਵ ਦੇ ਚਰਨਾਂ 'ਚ ਆਪਣੀ ਦੁਖ ਭਰੀ ਗਾਥਾ ਸੁਣਾਈ । ਪੁਕਾਰ ਸੁਣਕੇ ਭਗਵਾਨ ਸ਼ੰਕਰ ਨੇ ਖੁਦ ਵਿਕਰਮੀ ਸੰਮਤ 1551 ਭਾਦਰੋਂ ਸੁਦੀ ਨੌਮੀ ਸੋਮਵਾਰ ਦੇ ਦਿਹਾੜੇ ਭਗਤੀ ਦੇ ਅਵਤਾਰ ਵਿਸ਼ਨੂੰ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗ੍ਰਿਹਿ ਵਿਖੇ ਜਗਤ ਜਨਨੀ ਜਗਤੇਸ਼ਵਰੀ ਸੁਲੱਖਣੀ ਦੀ ਦਾਹਿਨੀ ਕੁੱਖ ਤੋਂ ਸੁਲਤਾਨਪੁਰ ਜ਼ਿਲ੍ਹਾ ਕਪੂਰਥਲਾ ਵਿਚ ਭਗਵਾਨ ਸ੍ਰੀ ਚੰਦ ਦੇ ਸਰੂਪ ਵਜੋਂ ਅਵਤਾਰ ਧਾਰਨ ਕੀਤਾ ।

ਭਗਵਾਨ ਸ੍ਰੀ ਚੰਦ ਜੀ ਦਾ ਇਸ ਸੰਸਾਰ ਤੇ ਪ੍ਰਕਾਸ਼ ਬੜੇ ਹੀ ਵਿਲੱਖਣ ਰੂਪ ਵਿਚ ਹੋਇਆ । ਆਪ ਜੀ ਨੇ ਅਰੰਭ ਤੋਂ ਹੀ ਸਿਰ ਤੇ ਜਟਾ, ਤਨ ਤੇ ਬਿਭੂਤੀ ਅਤੇ ਕੰਨ 'ਚ ਮੁੰਦਰਾਂ ਧਾਰਣ ਕੀਤੀ ਸੀ ।

ਆਪ ਦੇ ਅਜਿਹੇ ਦਿਵ ਸਵਰੂਪ ਨੂੰ ਵੇਖ ਕੇ ਸੇਵਾ ਕਰਨ ਵਾਲੀ ਮਾਈ ਬੋਲੀ—ਮੇਰੇ ਸਾਹਮਣੇ ਅਨੇਕਾਂ ਹੀ ਬੱਚੇ ਪੈਦਾ ਹੋਏ ਹਨ, ਪਰ ਮੈਂ ਅਜ ਤਕ ਅਜਿਹਾ ਅਲੌਕਿਕ ਪ੍ਰਕਾਸ਼ ਪੁੰਜ ਨਹੀਂ ਵੇਖਿਆ । ਭਗਵਾਨ ਦੇ ਪ੍ਰਕਾਸ਼ ਸਮੇਂ ਸੰਪੂਰਨ ਦੇਵ ਮਾਤਲੋਕ ਵਿਚ ਨਾਲ ਆਏ । ਜਦ ਭਗਵਾਨ ਨੇ ਮਾਤਾ ਦੀ ਪ੍ਰਾਰਥਨਾ ਨੂੰ ਸਵੀਕਾਰ ਕਰਕੇ ਬਾਲਕ ਰੂਪ ਧਾਰਣ ਕੀਤਾ ਤਾਂ ਸਾਰੇ ਦੇਵਤਾ ਦੇਵ ਲੋਕ ਵਿਚ ਵਾਪਿਸ ਚਲੇ ਗਏ । ਅਜਿਹੇ ਦਿਵ ਸਰੂਪ ਪੁੱਤਰ ਨੂੰ ਪ੍ਰਾਪਤ ਕਰ ਕੇ ਮਾਤਾਂ ਸੁਲੱਖਣੀ ਜੀ ਬਹੁਤ ਖੁਸ਼ ਹੋਏ । ਉਸ ਵੇਲੇ ਆਪਣੀ ਨਣਦ ਭੈਣ ਨਾਨਕੀ ਜੀ ਨੂੰ ਬੁਲਾਇਆ । ਜਦ ਭੈਣ ਨਾਨਕੀ ਨੇ ਦਰਸ਼ਨ ਕੀਤੇ ਤਾਂ ਖੁਸ਼ੀ ਵਿਚ ਵੀਰ ਗੁਰੂ ਨਾਨਕ ਦੇਵ ਕੋਲ ਮੋਦੀਖਾਨੇ ਹਟ ਤੇ ਭਜੀ ਭਜੀ ਗਈ ਅਤੇ ਵਧਾਈ ਦਿਤੀ ।

ਬਾਲ ਲੀਲ੍ਹਾ ।

ਭਗਵਾਨ ਸ੍ਰੀ ਚੰਦਰ ਜੀ ਦੀ ਬਾਲ ਲੀਲ੍ਹਾ ਵੀ ਬੜੀ ਵਚਿਤਰ ਹੈ ਆਪ ਜਦ 5 ਸਾਲ ਦੇ ਸਨ ਤਾਂ ਆਪ ਦੇ ਦੁਆਰ ਤੇ ਇਕ ਭਿਖਾਰੀ ਆਇਆ ਉਸ ਸ਼ਮੇਂ ਆਪ ਘਰੋਂ ਇਕ ਮੁਠੀ ਚਨੇ ਲੈ ਕੇ ਬਾਹਰ ਉਸ ਭਿਖਾਰੀ ਨੂੰ ਦੇਨ ਆਏ

ਤਾਂ ਭਿਖਾਰੀ ਨੇ ਵੇਖਿਆਂ ਕਿ ਬੱਚੇ ਨੇ ਭੁਲੇਖੇ ਨਾਲ ਚਨਿਆਂ ਦੀ ਜਗ੍ਹਾ ਉਸਦੀ ਝੋਲੀ ਵਿਚ ਮੋਤੀ ਪਾ ਦਿਤੇ ਹਨ । ਇਹ ਵੇਖ ਭਿਖਾਰੀ ਬਹੁਤ ਡਰਿਆ ਅਤੇ ਮੋਤੀ ਵਾਪਸ ਕਰਨ ਲਗਾ । ਉਸ ਸਮੇਂ ਆਪ ਨੇ ਉਸ ਭਿਖਾਰੀ ਨੂੰ ਕਿਹਾ ਕਿ ਇਸ ਭਿਖਿਆ ਨੂੰ ਲੈ ਕੇ ਕਿਸੇ ਹੋਰ ਤੋਂ ਹੋਰ ਕੁਝ ਮੰਗਣ ਦੀ ਆਸ਼ਾ ਹੀ ਮਿਟ ਜਾਵੇਗੀ । ਇਸ ਤਰ੍ਹਾਂ ਆਪਦੀ ਬਾਲ ਲੀਲ੍ਹ ਦੀਆਂ ਅਨੇਕਾਂ ਸਾਖੀਆਂ ਪ੍ਰਚਲਤ ਹਨ ਜਿਵੇਂ ਖੂਹ ਵਿਚ ਡਿਗੇ ਹੋਏ ਮਿਤਰ ਬਾਲਕਾਂ ਨੂੰ ਕਢਣਾਂ, ਸ਼ੇਰ ਦੇ ਬੱਚੇ ਦੇ ਦੰਦ ਗਿਣਨਾ, ਹਿੰਸਕ ਜੰਤੂਆਂ ਨਾਲ ਕ੍ਰੀੜਾ ਕਰਨੀ, ਗਲੇ ਵਿਚ ਸਪਾਂ ਦਾ ਹਾਰ ਪਾਉਣਾਂ ਆਦਿ ।

ਵਿਦਿਆ ਅਤੇ ਗੁਰੂ ਦੀਖਿਆ ।

ਮੁੰਡਣ ਤੇ ਜਨੇਊ ਸੰਸਕਾਰ ਉਪ੍ਰੰਤ ਆਪ 11 ਸਾਲਾਂ ਦੀ ਉਮਰ 'ਚ ਆਪਣੀ ਮਾਤਾ ਜੀ ਤੋਂ ਆਗਿਆ ਲੈ ਕੇ ਵਿਦਿਆ ਅਧਿਐਨ ਲਈ ਕਸ਼ਮੀਰ ਗਏ । ਉਥੇ ਜਾ ਕੇ ਆਪ ਨੇ ਆਰੰਭਕ ਸਿਖਿਆ ਪੰਡਿਤ ਪ੍ਰਸ਼ੋਤਮ ਕੌਲ ਜੀ ਪਾਸੋਂ ਗ੍ਰਹਿਣ ਕੀਤੀ । ਪੰਡਿਤ ਜੀ ਆਪ ਦੀ ਪ੍ਰਤਿਭਾ ਨੂੰ ਵੇਖ ਕੇ ਬਹੁਤ ਖੁਸ਼ ਹੋਏ । ਉਸ ਦੇ ਬਾਅਦ ਆਪ ਨੇ ਸ੍ਰੀ ਨਗਰ ਵਿਚ ਜਾ ਕੇ ਉਦਾਸੀਨ ਮਹਾਂਪੁਰਖ ਸ੍ਰੀ ਬਿਸੰਭਰ ਦੇਵ ਮੁਨੀ ਜੀ, ਜੋ ਉਸ ਸਮੇਂ ਦੇ ਮਹਾਨ ਵਿਦਵਾਨ ਸਨ, ਪਾਸੋਂ ਵੇਦਵਿਦਾਂਗ ਦਾ ਗਹਿਰਾ ਅਧਿਐਨ ਕੀਤਾ । ਉਸ ਤੋਂ ਬਾਦ ਇਸੇ ਸਥਾਨ ਦੇ ਮਹਾਂ ਮੰਡਲੇਸ਼ਵਰ ਗੁਰੂ ਅਬਿਨਾਸ਼ੀ ਮੁਨੀ ਜੀ ਤੋਂ ਗੁਰੂ ਦੀਖਿਆ ਲਈ ਅਤੇ ਉਹਨਾਂ ਦੇ ਚੇਲੇ ਬਣੇ ।

ਇਥੋਂ ਆਪ ਨੇ ਗੁਰਦੇਵ ਗੁਰੂ ਅਬਿਨਾਸ਼ੀ ਮੁਨੀ ਜੀ ਦ ਸਾਹਮਣੇ ਧਰਮ ਦੀ ਰਖਿਆ ਦਾ ਸੰਕਲਪ ਕਰਕੇ ਚੇਤੇ ਨਗਰੀ ਤਾਰੋਂ ਗਾਉ, ਅਲਖ ਪੁਰਖ ਕਾ ਸਿਮਰੋਂ ਨਾਉਂ । ਇਹ ਮਿਸ਼ਨ ਦੀ ਪੂਰਤੀ ਲਈ ਦੇਸ਼ ਦਾ ਭ੍ਰਮਣ ਆਰੰਭ ਕੀਤਾ । ਭਮਣ ਕਰਦੇ ਹੋਏ ਆਪ ਬਹੁਤ ਸਾਰੇ ਮੁਸਲਮਾਨੀ ਇਲਾਕਿਆਂ 'ਚ ਗਏ ਅਤੇ ਉਸ ਸਮੇਂ ਦੇ ਬੜੇ ਬੜੇ ਕਸੂਰ ਸ਼ਾਸਕਾਂ ਨੂੰ ਆਪਣੇ ਪਾਵਨ ਉਪਦੇਸ਼ਾਂ ਦੁਆਰਾ ਸਿੱਧੇ ਮਾਰਗ ਤੇ ਪਾਇਆ, ਨਾਲ ਹੀ ਹਿੰਦੂ ਧਰਮ ਤੇ ਲਗਾਈਆਂ ਗਈਆਂ ਪਾਬੰਦੀਆਂ ਨੂੰ ਹਟਾ ਕੇ ਇਸ ਧਰਮ 'ਚ ਫਿਰ ਜਾਗਰਤੀ ਲਿਆਂਦੀ । ਭ੍ਰਮਣ ਕਰਦੇ ਹੋਏ ਆਪ ਸ੍ਰੀ ਨਗਰ ਕਸ਼ਮੀਰ, ਕਾਬਲ, ਕੰਧਾਰ, ਅਫਗਾਨਿਸਤਾਨ ਅਤੇ ਪੰਜਾਬ ਨਗਰ ਠੱਠਾ, ਮਮੂਨ ਸਾਹਿਬ, ਬਾਰਠ ਅਤੇ ਦਖਣੀ ਇਲਾਕਿਆਂ 'ਚ ਗਏ ।

ਆਪਣੇ ਮਿਸ਼ਨ ਧਰਮ ਦੀ ਰਖਿਆ ਅਤੇ ਧਰਮ ਦਾ ਨਾਸ਼ ਨੂੰ ਪੂਰਾ ਕਰ ਕੇ ਅੰਤ 'ਚ 11 ਸਾਲ ਦੀ ਉਮਰ ਪੂਰੀ ਕਰਦੇ ਹੋਏ ਰਾਵੀ ਕੰਢੇ ਪੁਜੇ ਪਾਰ ਜਾਣ ਲਈ ਮਲਾਹ ਨੂੰ ਪੁਕਾਰਿਆ ।

ਮਲਾਹ ਨੇ ਮੁਸਕਰਾਂਦੇ ਹੋਏ ਕਿਹਾ, ਤੁਸੀਂ ਤਾਂ ਸਾਰੇ ਜੀਵਾਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਕਰਨ ਵਾਲੇ ਹੋ, ਇਸ ਛੋਟੀ ਜਿਹੀ ਨਦੀ ਤੋਂ ਪਾਰ ਹੋਣਾ ਤੁਹਾਡੇ ਲਈ ਕਿਹੜੀ ਵੱਡੀ ਗਲ ਹੈ ।' ਤਦ ਭਗਵਾਨ ਸ੍ਰੀ ਚੰਦ ਜੀ ਨੇ ਮਲਾਹ ਦੀ ਦੁਬਿਧਾ ਨੂੰ ਦੂਰ ਕਰਨ ਲਈ ਜਿਸ ਸ਼ਿਲਾ ਤੇ ਬਿਰਾਜਮਾਨ ਸਨ ਉਸੇ ਨੂੰ ਪਾਰ ਕਰਾਉਣ ਲਈ ਆਗਿਆ ਦਿਤੀ ਫਿਰ ਕੀ ਸੀ, ਦੇਖਦੇ ਹੀ ਦੇਖਦੇ ਸਿਲਾ ਤੈਰਦੀ ਹੋਈ ਰਾਵੀ ਦੇ ਕੰਢੇ ਜਾ ਲਗੀ । ਇਸ ਵਚਿਤਰ ਕੌਤਕ ਨੂੰ ਵੇਖ ਕੇ ਮਲਾਹ ਦਾ ਦਿਲ ਕੰਬਣ ਲਗਾ ਤੇ ਉਹ ਆਪ ਜੀ ਦੇ ਚਰਨਾਂ ਤੇ ਆ ਡਿਗਿਆ, ਭੁਲ ਬਖਸ਼ਾਈ ਤੇ ਜਨਮ ਮਰਨ ਦੇ ਗੇੜ ਤੋਂ ਛੁਟ ਗਿਆ ।

ਆਉ, ਅਜ ਅਸੀਂ ਉਸੇ ਸ਼ਿਵ ਸ਼ੰਕਰ ਦੇ ਦਸੇ ਮਾਰਗ ਤੇ ਚਲਣ ਦਾ ਯਤਨ ਕਰੀਏ । ਅਸੀਂ ਆਪਣੀਆਂ ਤੰਗ ਦਿਲੀਆਂ ਤੇ ਖੁਦਗਰਜ਼ੀਆਂ ਨੂੰ ਭੁਲ ਕੇ ਦੇਸ਼ ਸੇਵਾ ਤੇ ਇਸ ਦੀ ਉਸਾਰੀ ਦਾ ਪ੍ਰਚਾਰ ਕਰੀਏ, ਆਪਣੀਆਂ ਜਿੰਮੇਵਾਰੀਆਂ ਨੂੰ ਸਮਝੀਏ ਤੇ ਨਿਭਾਈਏ । ਧਰਤੀ ਤੇ ਸੱਚ, ਪ੍ਰੇਮ ਤੇ ਸ਼ਾਂਤੀ ਦਾ ਰਾਜ ਸਥਾਪਿਤ ਕਰਨ ਵਿਚ ਸਹਾਇਤਾ ਕਰੀਏ । ਉਹਨਾਂ ਦਾ ਪ੍ਰਕਾਸ਼ ਦਿਹਾੜਾ ਮਨਾਉਣਾ ਤਾਂ ਹੀ ਸਫਲ ਹੋ ਸਕੇਗਾ ।

— ० —

# Srichand : a life of miracles

*By :* **JAI RAJ UDASIN**

The Udasin sect traces its origin back to Brahma's son, Sanat Kumar Udasins believe that Srichand the son of Guru Nanak Dev, was the 164th in the line of preceptors that followed Sanat Kumar. He was the most trusted disciple of Avinashi Muni.

Born in Sultanpur Lodhi, Kapurthala dlstrict, in 1494 A. D. (Vikram Samvat 1551) on Bhadrapad Shukla Navami, the son of Guru Nanak Dev and his wife Sulakshani. Srichand came into the world with the ring of flesh in his right ear, golden hair and his body smeared with holy ash.

During his long life spanning 150 years Srichand walked to Mecca, Madina, Damascus, Teheran, Kabul and Kandhar, Peshawar and Sindh preaching love of God aud service to man. There are shrines in these places dedicated to his sect and Hindus, Muslims and Sikhs alike hold him in high esteem to this day.

Even as a body he preferred meditating in forests. Legend has it that the five-year-old Srichand gave a medicant a fistful of grams whic h turned into pearls.

## BLESSINGS

History records that Guru Nanak Dev's successors, Guru Amar Dass, Guru Ram Dass, Guru Arjan Dev and Guru Har Gobind, sought Srichand's blessings from time to time. Guru Amar Dass placed his son. Mohan, as disciple at the saint's feet and he also sought Srichand's blessings for the holy sarovar at Amritsar.

When Tarn Taran was beset with drought Guru Arjan Dev is said to have borrowed water from Srichand for the sarovar there. He also procured Guru Nanak Dev's books from Srichand in order to compile the Sri Guru Granth Sahib.

According to the Sikh chronology. "Surya Prakash", the Gur Har Gobind came to Barath Sahib for a darshan of Srichand. He offered his eldest son. Gurdittaji, as a disciple at the service of Srichand. The saint gave Gurditta a cap which is still prcserved in Kartarpur.

Legend has it that once Srichandis younger brother. Lakhmichand, went hunting and killed a deer which he brought to Srichand. Srichand rebuked him saying that slaying an animal as a sin and he wouid have to pay for it. Lakhmichand repented and along with his wife and child. Dharamchand flew heavenwards on his horse.

## GURU'S GRANDSON

Srichand suddenly realised that with their departure the line of Guru Nanak Dev's descendants would eome to an end. He extended his hand to a distance of four "yojana" (obout 20 mile) and brought the child, Dharamchand, back to earth. Srichand fed milk to the boy with his toe.

The Emperors Humayun, Akbar and Jehangir, Kamran, Governor of Lahore, and Yakub, Raja of Kashmir, sought the saint's blessing. In 1540, following his defeat at the hands of Sher Shah. Humayun came to Thatha Nagar (Sindh) and sought his blessings. Srichand told him that his family would rule India so long as it followed the path of truth and justice.

The noted scholar, K. M. Munshi wrote that Maharana Partap sought Srichand's blessings in his battle against Akbnr. Jehangir sent his men along with elephants to bring Srichand to his palace at Kadrabad (today Nanak chand) in Gurdaspur district. The saint refused to go, saying that saints had nothing to do with palaces. He told Jehangir's men that only if the elephent could carry his blanket would he go to the palace. The elephant sank to the earth as soon as the blanket was thrown over it. At last the Mughal Emperor paid a personal visit to Srichand and brought valuable gift with him. He made over 700 bighas to the sect and royal order mentioning Baba Dharamchand as the recipient has been preserved.

Archeologists of the Mughal period has been have found ancient carvings in the town of Baku in Soviet Union that mention the name of Udasin saints of the Mughal period.

One day King Yakub of Kashmir arrived with his Minister to test the powers of Srichand who was camping in the valley of Kashmir. Yakub was a religious bigot. The saint took out a burning chinar stick from the sacred bonfire (dhuni) and thrust it half way into the ground. In the twinkle of an eye the the burnt chinar stick changed into green, growing tree. Yakub and his men fell at Srichand's feet and promised never to be lntolerant of other faiths.

In Kashmir the saint restored to life the dead son of an old Brahmin woman after spriakling water from his kamandal. The descendants of this family revere Srichand to this. In 1546 the saint visited Mecca and preached the message of humanity among the Muslims of West Asia.

Near Chamba in Himachal Pradesh is the Muni Mahesh shrine. According to legend, when Srichand came to the banks of the Ravi, a mendicant informed him that one Charpat Yogi had immense power over the King of Chamba. Srichand was not allowed to cross the river by boat but was asked to move a rock on which he was standing. The rock flew across the river to the other side. Charpat Yogi came to know of this miracle and fell at the saint's feet. The rock can still be seen.

Another legend relates how Srichand saved his disciple' ship from sinking in rough waters. The ship, belonging to a trader called Bhana Rai, was caught in a storm off the Malabar coast. Srichand's disciple's saved the ship by praying.

At Jalam Nangal in Gurdaspur district, the saint's miraculous healing power restored vision and hearing to a blind and deaf boy. From Kadrabad, the 'saint flew south to Rameswaram. As he flew over Kashi (Varunasi), thousands of spell bound people watched him in the sky.

The Shankeshwar shrine near Dwarka (Gujrat) marks the site of another miracle. Srichand's nephew, Dharmchand, was thirsty and asked some women for water but they refused to give him any. An old woman saw the thirsty child in the desert and gave water to him and all the disciples of Srichand. The saint buried a shankh (conchshell) in the earth and a spring welled up. The plaee was named Shankheshwar.

Astrologers told Udaysen the king of Puri that his son was destined to live 11 years, 11 months and 11 days. When the child's predicted time of death drew near he was abandoned by the King in ihe jungle. Srichand gave the boy shelter. When the King came to know of this he came with his wife to Srichand The saint granted the child a lifespain of 111 years.

There is a temple called Bhagwan Srichand Panch Jyoti Mandir in Peshawar. A bigoted ruler once converted this temple into a stable. The stable-keeper. Yusuf, did not keep the five lamps burning and the horses started dying one by one. Yusuf was sacked and a new man was appointed. He refit the lamps and tended them no more horses died.

Srichand wrote a great deal and his writings from an invaluable part of Sanskrit literature. There are thousands of Udasin ashrams dedicated to the good of the common man and welfare of the nation. Lakhs of Udasin devotees will celebrate the saint's birth anniversary on September 22, 1985, with great enthusiasm.

# ਸੰਤਾਨਕ ਸਮਾਚਾਰ ਗੁਰਗੱਦੀ

## ਦਸਵੀਂ ਦਾ ਸਮਾਗਮ :-

ਮਨਸੂਰਾਂ ਨਗਰ ਪੱਖੋਵਾਲ ਦੀ ਸੜਕ ਤੇ ਲੁਧਿਆਣੇ ਤੋਂ 8 ਮੀਲ ਤੇ ਹੈ । ਇਸ ਨਗਰ ਵਿਚ ਦਮਦਮਾ ਅਸਥਾਨ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ (ਗਿਆਰਵੀਂ) ਸੰਤਾਨਕ ਜੋਤ ਗੁਰੂ ਨਾਨਕ ਪਾਤਸ਼ਾਹ ਦੀ ਯਾਦ ਵਿਚ ਮਾਲਵੇ, ਦੁਆਬੇ ਤੇ ਮਾਝੇ ਦੀਆਂ ਸੰਗਤਾਂ ਹਰ ਅਮਾਵਸ ਤੋਂ ਬਾਦ ਦਸਵੀਂ ਨੂੰ ਇਕਾਗਰ ਹੋ ਕੇ ਆਪ ਦੇ ਧਾਰਮਿਕ ਉਪਦੇਸ਼ਾਂ ਨੂੰ ਦੀਵਾਨ ਸਜਾ ਗ੍ਰਹਿਣ ਕਰਦੀਆਂ ਹਨ । ਰਾਗੀ, ਢਾਡੀ, ਪ੍ਰਚਾਰਕ ਹੁਮ ਹੁਮਾ ਕੇ ਦਰਸ਼ਨ ਬਖਸ਼ਦੇ ਹਨ । ਅਤੇ ਸੰਗਤਾਂ ਨੂੰ ਨਿਹਾਲ ਕਰਦੇ ਹਨ । ਅਨੇਕਾਂ ਅਖੰਡ ਪਾਠ ਕਰਵਾ, ਗੁਰੂ ਦੀਆਂ ਦੇਗਾਂ ਕਰਵਾ, ਗੁਰੂ ਨਾਨਕ ਪਾਤਸ਼ਾਹ ਉਪ੍ਰੰਤ ਆਪ ਦੀ ਸੰਤਾਨ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ । ਆਪਦੇ ਮਨ ਇਕਾਗਰ ਹੁੰਦੇ ਹਨ ਹੇਠ ਲਿਖੇ ਸੱਜਣਾਂ ਨੇ ਅਖੰਡ ਪਾਠ ਕਰਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ।

### 27 ਜੁਲਾਈ 1985

1. ਇਕਬਾਲ ਸਿੰਘ ਸਪੁਤਰ ਦੀਪਾ ਸਿੰਘ ਪਿੰਡ ਮਨਸੂਰਾਂ ਜ਼ਿਲਾ ਲੁਧਿਆਣਾ
2. ਸ. ਕਰਤਾਰ ਸਿੰਘ ਚਾਵਲਾ ਫੀਲਡ ਗੰਜ, ਲੁਧਿਆਣਾ
3. ਸ. ਬਲਵੰਤ ਸਿੰਘ-ਹਰਪ੍ਰੀਤ ਕੌਰ ਪਿੰਡ ਲੈਹਲ ਜ਼ਿਲਾ ਲੁਧਿਆਣਾ
4. ਸ: ਚਰਨ ਸਿੰਘ ਗਿੱਲ ਦਿੱਲੀ
5. ਭਾਈ ਹਰਬੰਸ ਸਿੰਘ ਰਾਗੀ (ਜਗਾਧਰੀ ਵਾਲੇ) ਲੁਧਿਆਣਾ
6. ਇੰਦਰਪ੍ਰੀਤ ਕੌਰ ਸੁਪੱਤਨੀ ਜਗਜੀਤ ਸਿੰਘ ਸ਼ਾਹਅਬਾਦ ਮਾਰਕੰਡਾ
7. ਸੁਰਜੀਤ ਸਿੰਘ ਨਿਰਮਲ ਸਿੰਘ ਲੁਧਿਆਣਾ
8. ਸ. ਦਰਸ਼ਨ ਸਿੰਘ ਪਿੰਡ ਮੰਨੇਵਾਲ ਛੋਲੇ ਜ਼ਿਲਾ ਲੁਧਿਆਣਾ
9. ਸ. ਗੁਰਮੁਖ ਸਿੰਘ ਸਪੁਤਰ ਸਰਦਾਰ ਸਿੰਘ ਗੋਪਾਲ ਨਗਰ, ਜਲੰਧਰ
10. ਸ. ਪ੍ਰਿਥੀਪਾਲ ਸਿੰਘ ਜੀ S. P. C. I. D. ਲੁਧਿਆਣਾ

### 25 ਅਗਸਤ 1985

1. ਸ. ਮਹਿੰਦਰ ਸਿੰਘ ਸਪੁਤਰ ਗੁਰਬਚਨ ਸਿੰਘ ਪਿੰਡ ਹੱਸਤਾ ਕਲਾਂ ਜਿਲਾ ਫਿਰੋਜ਼ਪੁਰ
2. ਸ. ਨਿਰਮਲ ਸਿੰਘ-ਜੈਮਲ ਸਿੰਘ ਫੀਲਡ ਗੰਜ ਲੁਧਿਆਣਾ ,
3. ਸ. ਧਾਲ ਸਿੰਘ ਸਪੁਤਰ ਸੰਤੋਖ ਸਿੰਘ ਪਿੰਡ ਛੱਜਾਵਾਲ ਜ਼ਿਲਾ ਲੁਧਿਆਣਾ
4. ਸ. ਗੁਰਦੇਵ ਸਿੰਘ ਸਪੁਤਰ ਜੰਗਿੰਦਰ ਸਿੰਘ ਪਿੰਡ ਮੌੜ ਜ਼ਿਲਾ ਸੰਗਰੂਰ
5. ਸ. ਮਨੋਹਰ ਸਿੰਘ ਗਿੱਲ ਰੋਡ, ਲੁਧਿਆਣਾ
6. ਸਰਨਜੀਤ ਕੌਰ ਸਪੁਤਰੀ ਸ. ਬਹਾਦਰ ਸਿੰਘ ਪਿੰਡ ਜੋਧਾਂ ਜ਼ਿਲਾ ਲੁਧਿਆਣਾ
7. ਬੀਬੀ ਚਰਨਜੀਤ ਕੌਰ ਪਿੰਡ ਬਲੀਪੁਰ ਜ਼ਿਲਾ ਲੁਧਿਆਣਾ

8. ਬੀਬੀ ਬਲਬੀਰ ਕੌਰ ਮੁਕਤਸਰ
9. ਕਾਕਾ ਇਕਬਾਲ ਸਿੰਘ ਸਪੁੱਤਰ ਪ੍ਰੀਤਮ ਸਿੰਘ ਜੀ ਪਿੰਡ ਜੋਧਾਂ ਜ਼ਿਲਾ ਲੁਧਿਆਣਾ
10. ਸ. ਸ਼ਮਸ਼ੇਰ ਸਿੰਘ, ਸ. ਅਜੀਤਪਾਲ ਸਿੰਘ ਫੋਕਲ ਪੁਆਇੰਟ ਲੁਧਿਆਣਾ
11. ਸ. ਜਸਪਾਲ ਸਿੰਘ, ਸੁਖਵਿੰਦਰ ਕੌਰ ਪਿੰਡ ਕੰਗਣਵਾਲ ਜ਼ਿਲਾ ਸੰਗਰੂਰ
12. ਸ. ਸਰਿੰਦਰ ਸਿੰਘ ਸਪੁਤਰ ਕਰਤਾਰ ਸਿੰਘ ਪਿੰਡ ਅਰਾਈਆਂ ਜ਼ਿਲਾ ਅੰਮ੍ਰਿਤਸਰ

23 ਸਤੰਬਰ 1885

1. ਬੱਚੀ ਬਿਮਲਜੀਤ ਕੌਰ ਸਪੁਤਰੀ ਬਲਵੰਤ ਸਿੰਘ ਮੁਜੱਫਰ ਨਗਰ
2. ਸ. ਜੋਰਾ ਸਿੰਘ-ਅਵਤਾਰ ਕੌਰ ਪਿੰਡ ਮੇਦਪੁਰ ਜ਼ਿਲਾ ਲੁਧਿਆਣਾ
3. ਸ. ਰਣਜੀਤ ਸਿੰਘ-ਹਰਵੰਦ ਸਿੰਘ ਲੁਧਿਆਣਾ
4. ਸ. ਗੁਰਦੀਪ ਸਿੰਘ-ਗੁਰਬਚਨ ਸਿੰਘ ਦਮਮੇਸ਼ ਨਗਰ ਲੁਧਿਆਣਾ
5. ਸ. ਭੁਪਿੰਦਰ ਸਿੰਘ ਸਰਦਾਰ ਸਿੰਘ ਗਿਲ ਰੋਡ, ਲੁਧਿਆਣਾ
6. ਸ. ਉਤਮ ਸਿੰਘ ਦਸਮੇਸ਼ ਨਗਰ, ਲੁਧਿਆਣਾ
7. ਸ. ਸੋਹਿੰਦਰ ਸਿੰਘ ਸ਼ਾਸਤਰੀ ਨਗਰ ਲੁਧਿਆਣਾ

## ਅਮਾਵਸ ਦਾ ਸਮਾਗਮ :-

ਹਰ ਅਮਾਵਸ ਨੂੰ ਦਮਦਮਾ ਅਸਥਾਨ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ ਪਵਿਤਰ ਅਸਥਾਨ ਦਖਣੀ ਕੀ ਸਰਾਇ ਤਹਿਸੀਲ ਨਕੋਦਰ ਜ਼ਿਲਾ ਜਲੰਧਰ ਵਿਖੇ ਅਖੰਡ ਪਾਠ ਰਖਵਾ ਦੀਵਾਨ ਸਜਦਾ ਹੈ। ਇਹ ਉਹ ਅਸਥਾਨ ਹੈ, "ਜਿਥੇ ਜੋ ਆਵੇ ਸੋ ਰਾਜੀ ਜਾਵੇ।" ਸਤ ਅਮਾਵਸ ਇਸ਼ਨਾਨ ਕਰ ਕੇ ਦੁੱਖਾਂ ਕਲੇਸ਼ਾਂ ਵਾਲੇ ਰਾਜੀ ਹੋ ਜਾਂਦੇ ਹਨ। ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਦਾ ਇਤਿਹਾਸ ਸੁਣ ਗੁਰੂ ਨਾਨਕ ਨਾਮ ਲੇਵਾ ਬਣਦੇ ਹਨ। ਦੁਨੀਆਂ ਨਾਲੋਂ ਟੁੱਟ ਗੁਰੂ ਸਾਹਿਬ ਨੂੰ ਅਪਣਾਉਂਦੇ ਹਨ। ਅਮਾਵਸ ਹੇਠ ਲਿਖੀਆਂ ਤਰੀਖਾਂ ਨੂੰ ਬੜੀ ਧੂਮ ਧਾਮ ਨਾਲ ਮਨਾਈ ਗਈ।

17 ਜੁਲਾਈ 1985 :—
16 ਅਗਸਤ 1985
14 ਸਤੰਬਰ 1985

ਇਨ੍ਹਾਂ ਪ੍ਰੋਗਰਾਮਾਂ ਵਿਚ ਸੰਗਤਾਂ ਨੂੰ ਸਦਾ ਹੀ ਸਹੀ ਰੂਪ ਧਰਮ ਦਾ ਦੇ ਕੇ ਗੁਰੂ ਨਾਨਕ ਪਾਤਸ਼ਾਹ ਦੀ ਬਖਸ਼ਿਸ਼ ਹੈ ਔਰ ਸੰਤਾਨ ਵਿਚ ਸੀਨਾ ਬਸੀਨਾ ਚਲੀ ਆਉਂਦੀ ਹੈ। ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਇਸ ਸਮੇਂ ਕਾਫੀ ਸਰੀਰਕ ਤੌਰ ਤੇ ਬਿਮਾਰ ਰਹਿੰਦੇ ਹਨ। ਪ੍ਰੰਤੂ ਆਪਣੇ ਕਰਤੱਵ ਦੀ ਪਾਲਣਾ ਕਰਨੀ ਫਰਜ਼-ਏ-ਅਵਲ ਸਮਝਦੇ ਹਨ। ਬਾਪੂ ਨੇ ਕਿਰਪਾ ਕੀਤੀ ਹੈ ਆਪਣੀ ਸੰਤਾਨ ਵਿਚ ਜਨਮ ਦਿਤਾ ਹੈ। ਜੇ ਆਪਣੇ ਕਰਤਵ ਦੀ ਪਾਲਣਾ ਨਾ ਕਰਾਂਗੇ ਤਦ ਵਿਛੜ ਚੋਟਾਂ ਖਾਣ ਵਾਲੀ ਗਲ ਬਣ ਜਾਂਦੀ ਹੈ। ਇਹਨਾਂ ਪ੍ਰੋਗਰਾਮਾਂ ਦੇ ਇਲਾਵਾ ਹੇਠ ਲਿਖੇ ਜਗਾ ਜਗਾ ਦੀਵਾਨ ਸਜਾਏ ਗਏ। ਔਰ ਗੁਰੂ ਨਾਨਕ ਪਾਤਸ਼ਾਹ ਪਾਸੋਂ ਵਿਛੜੇ ਗੁਰਸਿੱਖਾਂ ਨੂੰ ਪਿਆਰ ਤੇ ਸਤਿਕਾਰ ਨਾਲ ਉਸ ਰਾਹ ਤੇ ਲਿਆਉਣ ਦਾ ਜਤਨ ਕੀਤਾ।

7 ਜੁਲਾਈ 1985 :— ਸ: ਪ੍ਰਤਾਪ ਸਿੰਘ ਦੇ ਗ੍ਰਹਿ ਵਿਖੇ 40 ਸੰਤ ਫਤਹਿ ਸਿੰਘ ਨਗਰ ਵਿਖੇ ਦੀਵਾਨ ਸਜਿਆ। ਬੇਅੰਤ ਸੰਗਤਾਂ ਇਕਾਗਰ ਹੋਈਆ।

17 ਜੁਲਾਈ 1985 :— ਸਰਦਾਰ ਪਿਆਰਾ ਸਿੰਘ ਜਗਰਾਉਂ ਨਿਵਾਸੀ ਦੇ ਦੀਵਾਨ ਸਜਿਆ।

18 ਜੁਲਾਈ 1985 :— ਸ: ਅਮਰਜੀਤ ਸਿੰਘ ਕਿਰਪਾਲ ਸਿੰਘ ਦੇ ਦੀਵਾਨ ਸਜਿਆ

19 ਜੁਲਾਈ 1985 :— ਸ. ਕਿਰਪਾਲ ਸਿੰਘ ਜਗਰਾਉਂ ਵਾਲਿਆਂ ਦੇ ਦੀਵਾਨ ਸਜਿਆ।

20 ਜੁਲਾਈ 1985 — ਸ. ਕਿਰਪਾਲ ਸਿੰਘ ਜਗਰਾਉਂ ਵਾਲਿਆਂ ਦੇ ਦੀਵਾਨ ਸਜਿਆ।

21 ਜੁਲਾਈ 1985 :—ਸਵੇਰ ਦਾ ਦੀਵਾਨ ਸ. ਪਿਆਰਾ ਸਿੰਘ ਦੇ ਗ੍ਰਹਿ ਵਿਖੇ ਹੋਇਆ।

21 ਜੁਲਾਈ 1985 .— ਰਾਤ ਦਾ ਦੀਵਾਨ ਸ. ਸਤਿਨਾਮ ਸਿੰਘ ਮੋਹਕਮ ਸਿੰਘ ਜਗਰਾਉਂ ਵਾਲਿਆਂ ਦੇ ਗ੍ਰਹਿ ਵਿਖੇ ਹੋਇਆ।

22 ਜੁਲਾਈ 1985 :— ਰਾਤ ਦਾ ਦੀਵਾਨ ਗੁਰਦੁਆਰਾ ਗੁਰੂ ਰਾਮਦਾਸ-ਸੇਵਾਦਾਰ ਗਿਆਨੀ ਅਰਜਨ ਸਿੰਘ ਦੇ ਗੁਰਦੁਆਰੇ ਦੀਵਾਨ ਸਜਿਆ।

23 ਜੁਲਾਈ 1985 :— ਗੁਰਦੁਆਰਾ ਸਿੰਘ ਸਭਾ ਜਗਰਾਉਂ ਵਿਖੇ ਦੀਵਾਨ ਸਜਿਆ।

3 ਅਗਸਤ 1985 :— ਮਨਸੂਰਾਂ ਵਿਖੇ ਸ. ਬਲਿਹਾਰ ਸਿੰਘ ਦੇ ਗ੍ਰਹਿ ਵਿਖੇ ਦੀਵਾਨ ਸਜਿਆ।

4 ਅਗਸਤ 1985 :— ਮੈਸਰਜ਼ ਪਾਲ ਇੰਡਸਟਰੀਜ਼ ਸ. ਕਿਰਪਾਲ ਸਿੰਘ ਦੀ ਦੁਕਾਨ ਤੇ ਬਰਕਤ ਲਈ ਅਰਦਾਸ ਕੀਤੀ ਗਈ।

4 ਅਗਸਤ 1985 :— ਰਾਤ ਦਾ ਦੀਵਾਨ ਸਰਜੀਤ ਸਿੰਘ ਸਪੁੱਤਰ ਗੁਰਬਚਨ ਸਿੰਘ ਰੜੀ ਮਹੱਲਾ ਵਾਲਿਆਂ ਦੇ ਗ੍ਰਹਿ ਵਿਖੇ ਸਜਾਇਆ ਗਿਆ। ਅਤੁੱਟ ਲੰਗਰ ਵਰਤਿਆ। ਸੰਗਤਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਨਾਲ ਜੋੜਿਆ।

8-9-10 ਅਗਸਤ 1985 :— ਸ. ਬਚਿੱਤਰ ਸਿੰਘ ਗਿੱਲਾਂ ਵਾਲਿਆਂ ਦੇ ਪਿੰਡ ਢੇਰ ਜ਼ਿਲਾ ਹਿਸਾਰ ਵਿਖੇ ਅਖੰਡ ਪਾਠ ਰੱਖ ਕੇ ਭੋਗ ਪਾਇਆ ਗਿਆ ਤੇ ਦੀਵਾਨ ਸਜਾਏ ਗਏ।

16 ਅਗਸਤ 1985 :—14 ਅਗਸਤ ਨੂੰ ਅਖੰਡ ਪਾਠ ਟਾਹਲੀ ਵਾਲੇ ਨਗਰ ਵਿਚ ਜਿਸ ਜਗ੍ਹਾ ਤੇ ਗੁਰਸਿੱਖ ਪੁਰਾਤਨ ਟਾਹਲੀ ਦੀ ਪੂਜਾ ਕਰਦੇ ਚਲੇ ਆਏ ਹਨ। ਪ੍ਰਕਾਸ਼ ਅਸਥਾਨ ਕਾਇਮ ਕਰ ਦਿਤਾ ਹੈ। 14 ਤਾਰੀਕ ਨੂੰ ਅਖੰਡ ਪਾਠ ਅਰੰਭ ਕਰ ਕੇ 16 ਅਗਸਤ ਨੂੰ ਭੋਗ ਪਾਇਆ ਗਿਆ। ਸਾਰੀ ਰਾ ਸਿੱਖ ਬਰਾਦਰੀ ਨੂੰ ਗਰੂ ਨਾਨਕ ਪਾਤਸ਼ਾਹ ਦੇ ਚਰਨਾਂ ਨਾਲ ਜੁੜਨ ਲਈ ਬੇਨਤੀ ਕੀਤੀ ਗਈ। ਗੁਰੂ ਨਾਨਕ ਪਾਤਸ਼ਾਹ ਸਾਡੇ ਹਾਜ਼ਰ ਨਾਜ਼ਰ ਗੁਰੂ ਹਨ।

## 16–17–18 ਅਗਸਤ ਬਰਸੀ ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਅੰਮ੍ਰਿਤਸਰ

16 ਅਗਸਤ ਆਪ ਦੇ ਸਮਾਧੀ ਅਸਥਾਨ ਤੇ ਅਖੰਡ ਪਾਠ ਢਾਬ ਬਸਤੀ ਰਾਮ ਅੰਮ੍ਰਿਤਸਰ ਵਿਖੇ ਅਰੰਭ ਹੋਇਆ ਜਿਸ ਦੀ ਸਮਾਪਤੀ 18 ਅਗਸਤ ਨੂੰ ਕੀਤੀ। ਅਤੁਟ ਲੰਗਰ ਵਰਤਿਆ। ਔਰ ਬੇਅੰਤ ਸੰਗਤਾਂ ਸ਼ਰਧਾ ਦੇ ਫੁੱਲ ਲੈਕੇ ਇਕਾਗਰ ਹੋਈਆਂ। ਇਸ ਪਵਿੱਤਰ ਅਸਥਾਨ ਤੇ ਸਿੱਖ ਰਾਜ ਦੇ ਵਕਤ ਅੰਗਰੇਜ਼ਾਂ ਦੇ ਖਿਲਾਫ ਬਗਾਵਤ ਕਰਨ ਦੇ ਕਾਰਨ ਆਪ ਨੂੰ 14 ਸਾਲ ਦੀ ਨਜ਼ਰਬੰਦੀ ਵਿਚ ਰਖਿਆ ਗਿਆ ਸੀ। ਆਪ ਮਹਾਨ ਤਪੱਸਵੀ ਸਨ। ਇਸ ਲਈ ਆਪ ਦਾ ਸਮਾਧੀ ਅਸਥਾਨ ਇਥੇ ਹੀ ਸੰਸਥਾਪਨ ਹੋਇਆ। ਚਾਹੇ ਇਸ ਇਮਾਰਤ ਦੀ ਹਾਲਤ ਖਸਤਾ ਹੋ ਚੁਕੀ ਹੈ। ਪ੍ਰੰਤੂ ਸ੍ਰੀ ਹਜ਼ੂਰ ਦੀ ਬਿਮਾਰੀ ਦੇ ਕਾਰਨ ਅਰੰਭ ਨਹੀਂ ਹੋ ਸਕਿਆ।

## ਜਨਮ ਦਿਹਾੜਾ ਬਾਬਾ ਸਰਬਜੋਤਸਿੰਘ ਜੀ ਮਹਾਰਾਜ 1 ਸਤੰਬਰ ਤੋਂ 3 ਸਤੰਬਰ ਤੱਕ

ਊਨੇ ਸਾਹਿਬ ਵਿਖੇ ਬਾਬਾ ਕਲਾਧਾਰੀ ਜੀ ਦੇ ਪਵਿੱਤਰ ਅਸਥਾਨ ਤੇ ਅਖੰਡ ਪਾਠ ਅਰੰਭ ਕੀਤਾ ਗਿਆ। ਜਿਸ ਦੀ ਸਮਾਪਤੀ 3 ਸਤੰਬਰ ਨੂੰ ਹੋਈ। ਗੁਰੂ ਦਾ ਲੰਗਰ ਅਤੁਟ ਵਰਤਾਇਆ। ਅਤੇ ਅਰਦਾਸ ਕੀਤੀ ਗਈ ਜੋ ਬਾਬਾ ਸਰਬਜੋਤ ਸਿੰਘ ਨੂੰ ਸਤਿਗੁਰੂ ਧੀਰਗ ਆਯੂ ਬਖਸੇ। ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣ।

## 7 ਸਤੰਬਰ ਤੋਂ 9 ਸਤੰਬਰ ਤਕ ਜਨਮ ਦਿਨ ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਦਮਦਮਾ ਅਸਥਾਨ ਬਾਬਾ ਸਾਹਿਬ ਸਿੰਘ ਜੀ ਨਗਰ ਮਨਸੂਰਾਂ ਵਿਖੇ 7 ਸਤੰਬਰ ਅਖੰਡ ਪਾਠ ਅਰੰਭ ਕਰ ਕੇ 9 ਸਤੰਬਰ ਨੂੰ ਅਖੰਡ ਪਾਠ ਦੀ ਸਮਾਪਤੀ ਤੋਂ ਉਪ੍ਰੰਤ ਬੜਾ ਭਾਰੀ ਦੀਵਾਨ ਸਜਿਆ। ਬੜੀ ਸਜ ਧਜ ਨਾਲ ਜਨਮ ਦਿਨ ਮਨਾਇਆ ਗਿਆ। ਗੁਰੂ ਦਾ ਲੰਗਰ ਅਤੁਟ ਵਰਤਿਆ।

12-13-14 ਸਤੰਬਰ :—ਸ. ਅਰਜਨ ਸਿੰਘ ਰੋਹਤਕ ਨਿਵਾਸੀ ਜੋ ਅੱਜ ਕਲ ਲੁਧਿਆਣੇ ਵਿਖੇ ਰਹਿੰਦੇ ਹਨ। ਆਪ ਦੇ ਸਪੁਤਰ ਕਾਕਾ ਜਤਿੰਦਰ ਸਿੰਘ ਦੀ ਸ਼ਾਦੀ ਦੇ ਸਮੇਂ ਧੰਨ ਗੁਰੂ ਨਾਨਕ ਦੇਵ ਪਾਤਸ਼ਾਹ ਉਪਰੰਤ ਆਪ ਦੇ ਕਮਾਏ ਹੋਏ ਬਚਨ ਸ੍ਰੀ ਗੁਰੂ ਗਰੰਥ ਸਾਹਿਬ ਪਾਤਸ਼ਾਹ ਦਾ ਅਖੰਡ ਪਾਠ ਅਰੰਭ ਕਰ ਕੇ 14 ਸਤੰਬਰ ਨੂੰ ਭੋਗ ਪਾਇਆ ਗਿਆ। ਹਰ ਦੋ ਵਕਤ ਦੀਵਾਨ ਸਜੇ। ਗੁਰੂ ਦੇ ਲੰਗਰ ਅਤੁਟ ਵਰਤਾਏ।

15 ਸਤੰਬਰ :—ਰਾਤ ਦਾ ਦੀਵਾਨ ਸ. ਜਗਿੰਦਰ ਸਿੰਘ ਛਾਉਣੀ ਮਹੱਲਾ ਵਾਲਿਆਂ ਦੇ ਗ੍ਰਹਿ ਵਿਖੇ ਹੋਇਆ।

17 ਸਤੰਬਰ ਤੋਂ 21 ਸਤੰਬਰ 1985 ਤੱਕ :— ਸ੍ਰੀ ਹਜੂਰ ਜੀ ਦਾ ਡੇਰਾ 17 ਸਤੰਬਰ ਨੂੰ ਦਿਲੀ ਵਾਸਤੇ ਰਵਾਨਾ ਹੋਇਆ। ਜਿਥੇ ਸ. ਜਸਪਾਲ ਸਿੰਘ ਸਪੁਤਰ ਸ. ਤਖਤ ਸਿੰਘ ਜੀ ਦੀ ਸ਼ਾਦੀ ਮੁਕਰਰ ਸੀ। 19 ਸਤੰਬਰ ਨੂੰ ਅਖੰਡ ਪਾਠ ਅਰੰਭ ਹੋਇਆ ਜਿਸ ਦਾ ਭੋਗ 21 ਸਤੰਬਰ ਨੂੰ ਪਿਆ। ਹਰ ਦੋ ਵੇਲੇ ਦੀਵਾਨ ਸਜੇ। ਗੁਰੂ ਦਾ ਲੰਗਰ ਅਤੁਟ ਵਰਤਿਆ।

22 ਸਤੰਬਰ 1885 : ਸ. ਕ੍ਰਿਪਾਲ ਸਿੰਘ ਮਾਡਲ ਟਾਊਨ ਲੁਧਿਆਣਾ ਵਾਲਿਆਂ ਦੇ ਗ੍ਰਹਿ ਵਿਖੇ ਪੁਜ ਕੇ ਆਪ ਦੀ ਬੱਚੀ ਰਜਿੰਦਰ ਕੌਰ ਦਾ ਅਨੰਦ ਕਾਰਜ ਸ੍ਰੀ ਹਜੂਰ ਨੇ ਗੁਰਮਰਯਾਦਾ ਅਨੁਸਾਰ ਸੋਧਿਆ। ਤੇ ਜੋੜੀ ਨੂੰ ਅਸੀਸਾਂ ਦਿਤੀਆਂ।

24 ਸਤੰਬਰ 1985 :—ਸ. ਹਰਨਾਮਸਿੰਘ ਰਾਇਲ ਬੇਕਰੀ ਵਾਲਿਆਂ ਦੇ ਗ੍ਰਹਿ ਵਿਖੇ ਆਪ ਦੇ ਸਪੁੱਤ੍ਰ ਮਹਿੰਦਰਪਾਲ ਸਿੰਘ ਦੀ ਸ਼ਾਦੀ ਦੀ ਖੁਸ਼ੀ ਵਿਚ ਅਖੰਡ ਪਾਠ ਰਖ ਕੇ 26 ਸਤੰਬਰ ਨੂੰ ਭੋਗ ਪਾਇਆ ਗਿਆ। ਉਪ੍ਰੰਤ ਬੜੀ ਸਜ ਧਜ ਨਾਲ ਦੀਵਾਨ ਸਜਿਆ ਗੁਰੂ ਦਾ ਲੰਗਰ ਅਤੁਟ ਵਰਤਿਆ।

27 ਸਤੰਬਰ 1985 :— ਰਾਤ ਦਾ ਦੀਵਾਨ ਸ: ਮਨੋਹਰ ਸਿੰਘ ਜੀ ਆਪ ਦੇ ਸਪੁਤਰ ਕਾਕਾ ਹਰਨਾਮ ਸਿੰਘ ਜੀ ਦੀ ਸ਼ਾਦੀ ਦੀ ਖੁਸੀ ਵਿਚ ਸਜਾਇਆ ਗਿਆ। ਬੇਅੰਤ ਸੰਗਤਾਂ ਇਕਾਗਰ ਹੋਈਆਂ। ਗੁਰੂ ਦਾਲੰਗਰ ਅਤੁਟ ਵਰਤਿਆ।

# ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

ਸਤਿਨਾਮ
ਧੰਨ
ਗੁਰੂ ਨਾਨਕ

ੴ

ਵਾਹਿਗੁਰੂ
ਧੰਨ
ਗੁਰੂ ਨਾਨਕ

## *ਮਾਹਵਾਰੀ ਧਾਰਮਿਕ ਦੀਵਾਨ*

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਦਮਦਮੇਂ ਅਸਥਾਨਾਂ ਤੇ ਬੜੇ ਭਾਰੀ ਦੀਵਾਨ ਸਜਾਏ ਜਾਂਦੇ ਹਨ ਤੇ ਬੇਅੰਤ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਹਾਜ਼ਰੀਆਂ ਭਰਕੇ ਲਾਭ ਉਠਾਉਂਦੀਆਂ ਹਨ । ਸੋ ਸੰਗਤਾਂ ਦੀ ਸੂਚਨਾ ਲਈ ਇਹ ਪੱਤਰ ਘਲਿਆ ਜਾਂਦਾ ਹੈ, ਜੋਇਹ ਦੀਵਾਨ ਹੇਠ ਲਿਖੀਆਂ ਤਾਰੀਖਾਂ ਤੇ 1986 ਵਿੱਚ ਹੋਣਗੇ ।

"ਅਰਾਧ ਏਕੰਕਾਰ ਸਾਚਾ ਨਿਤ ਦੇਇ ਚੜ੍ਹੇ ਸਵਾਇਆ ।"

### ਹਰ ਦਸਵੀਂ ਵਾਲੇ ਦਿਨ

ਪਿੰਡ ਮਨਸੂਰਾਂ (ਜਿਲਾ ਲੁਧਿਆਣਾ) ਵਿਖੇ

| | | | | | |
|---|---|---|---|---|---|
| ਸੋਮਵਾਰ | 20 ਜਨਵਰੀ | 1986 | ਵੀਰਵਾਰ | 17 ਜੁਲਾਈ | 1986 |
| ਬੁਧਵਾਰ | 19 ਫਰਵਰੀ | 1986 | ਸ਼ੁਕਰਵਾਰ | 15 ਅਗਸਤ | 1986 |
| ਸ਼ੁਕਰਵਾਰ | 21 ਮਾਰਚ | 1986 | ਸਨਿਚਰਵਾਰ | 13 ਸਤੰਬਰ | 1986 |
| ਸਨਿਚਰਵਾਰ | 19 ਅਪ੍ਰੈਲ | 1986 | ਐਤਵਾਰ | 12 ਅਕਤੂਬਰ | 1986 |
| ਸੋਮਵਾਰ | 19 ਮਈ | 1986 | ਮੰਗਲਵਾਰ | 11 ਨਵੰਬਰ | 1986 |
| ਮੰਗਲਵਾਰ | 17 ਜੂਨ | 1986 | ਬੁਧਵਾਰ | 10 ਦਸੰਬਰ | 1986 |

(ਸਾਲਾਨਾ ਸਮਾਗਮ ਐਤਵਾਰ 15 ਜੂਨ 1986 ਨੂੰ ਹੋਵੇਗਾ)

### ਹਰ ਅਮਾਵਸ ਵਾਲੇ ਦਿਨ

ਪਿੰਡ ਦਖਨੀ ਕੀ ਸਰਾਏ (ਜ਼ਿਲਾ ਜਲੰਧਰ) ਵਿਖੇ

| | | | | | |
|---|---|---|---|---|---|
| ਸ਼ੁਕਰਵਾਰ | 10 ਜਨਵਰੀ | 1986 | ਸੋਮਵਾਰ | 7 ਜੁਲਾਈ | 1986 |
| ਸਨਿਚਰਵਾਰ | 8 ਫਰਵਰੀ | 1986 | ਮੰਗਲਵਾਰ | 5 ਅਗਸਤ | 1986 |
| ਸੋਮਵਾਰ | 10 ਮਾਰਚ | 1986 | ਵੀਰਵਾਰ | 4 ਸਤੰਬਰ | 1986 |
| ਬੁਧਵਾਰ | 9 ਅਪ੍ਰੈਲ | 1986 | ਸ਼ੁਕਰਵਾਰ | 3 ਅਕਤੂਬਰ | 1986 |
| ਵੀਰਵਾਰ | 8 ਮਈ | 1986 | ਐਤਵਾਰ | 2 ਨਵੰਬਰ | 1986 |
| ਸਨਿਚਰਵਾਰ | 7 ਜੂਨ | 1986 | ਸੋਮਵਾਰ | 1 ਦਸੰਬਰ | 1986 |
| | | | ਬੁਧਵਾਰ | 31 ਦਸੰਬਰ | 1986 |

ਇਹਨਾਂ ਦਿਹਾੜਿਆਂ ਤੇ ਅਖੰਡ ਪਾਠਾਂ ਦੇ ਭੋਗ ਹਰ ਦੀਵਾਨ ਵਿੱਚ 11 ਵਜੇ ਪੈਂਦੇ ਹਨ ਤੇ 3 ਵਜੇ ਤੱਕ ਦੀਵਾਨ ਸਜਦੇ ਹਨ । ਗੁਰੂ ਕਾ ਲੰਗਰ ਅਤੁੱਟ ਵਰਤਦਾ ਹੈ ।

**ਮਨਸਰਾਂ ਪਿੰਡ : ਲੁਧਿਆਣਾ-ਪੱਖੋਵਾਲ ਵਾਲੀ ਪੱਕੀ ਸੜਕ ਉੱਤੇ ਹੈ ।**

**ਦਖਨੀ ਕੀ ਸਰਾਂ : ਬੇਈਂ ਦੇ ਕੰਢੇ, ਨਕੋਦਰ ਕਪੂਰਥ ਲਵਾਲੀ ਸੜਕ ਉੱਤੇ ਹੈ ।**

(ਪਰਤੋ ਜੀ) **ਵਲੋਂ** : ਸਾਧ ਸੰਗਤ ਦੀ ਸੇਵਾ ਵਿੱਚ : **ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬਦੀ ਗੱਦੀ-ਨਸ਼ੀਨ**

# * ਸੂਚਨਾ: *

1. ਜਿਨ੍ਹਾਂ ਸੱਜਣਾਂ ਨੇ ਦਸਵੀਂ ਵਾਲੇ ਦਿਨ ਭੋਗ ਅਖੰਡ ਪਾਠ ਦੇ ਰਖਵਾਉਣੇ ਹੋਣ ਉਹ ਪਹਿਲਾਂ ਪਤਾ ਦੇਣ ।
2. ਗੁਰਪੁਰਬ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਊਨਾ ਸਾਹਿਬ ਵਿਖੇ 26, 27, 28 ਮਾਰਚ 1986 ਬੁਧਵਾਰ, ਵੀਰਵਾਰ ਤੇ ਸ਼ੁਕਰਵਾਰ ਨੂੰ ਮਨਾਇਆ ਜਾਵੇਗਾ । ਜਲੂਸ 27 ਤਾਰੀਖ ਵੀਰਵਾਰ ਹੋਵੇਗਾ ।
3. ਸਲਾਨਾ ਸਮਾਗਮ ਜੋੜੀ ਸੰਤ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ 1 ਹਾੜ 2043 ਮੁਤਾ: 15 ਜੂਨ 1986 ਐਤਵਾਰ ਨੂੰ ਮਨਸੂਰਾਂ ਵਿਖੇ ਮਨਾਇਆ ਜਾਵੇਗਾ । 12 ਜੂਨ ਨੂੰ ਜਲੂਸ ਜੋਧਾਂ ਨਗਰ ਵਿਖੇ ਤੇ 13 ਜੂਨ ਨੂੰ ਮਨਸੂਰਾਂ ਵਿਖੇ ਨਿਕਲੇਗਾ ।
4. ਗੁਰਪੁਰਬ ਜੋੜੀ ਸੰਤ ਸਮਾਗਮ ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ ਸ੍ਰੀ ਅੰਮ੍ਰਿਤਸਰ ਵਿਖੇ 23 ਤੋਂ 25 ਅਗਸਤ 1986 ਐਤਵਾਰ ਨੂੰ ਹੋਵੇਗਾ । ਗੁਰੂ ਕਾ ਲੰਗਰ 25 ਅਗਸਤ ਦੁਪਹਿਰ ਨੂੰ ਹੋਵੇਗਾ । ਇਸ ਸਾਲ ਸਮਾਧ ਬਾਬਾ ਬਿਕ੍ਰਮਾ ਸਿੰਘ ਜੀ, ਬਾਗ ਬਸਤੀ ਰਾਮ, ਨਗਰ ਮੰਡੀ ਅੰਮ੍ਰਿਤਸਰ ਦੀ ਤਾਮੀਰ ਸ਼ੁਰੂ ਕੀਤੀ ਜਾ ਰਹੀ ਹੈ । ਤਾਂ ਜੋ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅਸਥਾਨ ਦੇ ਯਾਤਰੂਆਂ ਨੂੰ ਬਿਸਰਾਮ ਮਿਲ ਸਕੇ ਤੇ ਜਿਥੇ ਗੁਰੂ ਨਾਨਕ ਪਾਤਸ਼ਾਹ ਦੀ 12ਵੀਂ ਸੰਤਾਨ 14 ਸਾਲ ਅੰਗਰੇਜ਼ ਦੀ ਨਜ਼ਰਬੰਦੀ ਵਿਚ ਰਹੀ । ਯਾਦ ਕਾਇਮ ਰਹੇ ਜੋ ਭਿੰਨ ਚੁਕੀ ਹੈ ਤੇ ਗੁਰੂ ਘਰ ਦਾ ਲੰਗਰ ਅਤੁਟ ਵਰਤੇ ।
5. ਸ੍ਰੀਮਾਨ ਸੰਤ ਬਾਬਾ ਨੰਦ ਸਿੰਘ ਜੀ ਦੀ ਬਰਸੀ 26, 27, 28 ਅਗਸਤ 1986 ਨੂੰ ਨਾਨਕਸਰ ਪੁਜਵੇਂ ਮਨਾਈ ਜਾਵੇਗੀ ਤੇ ਬੰਗਲਾ ਸਾਹਿਬ ਅਸਥਾਨ ਤੇ ਹਰ ਸਾਲ ਵਾਂਗ ਗੁਰੂ ਕਾ ਲੰਗਰ ਅਤੁਟ ਚਲੇਗਾ, ਜਿਸਤੋਂ ਹਜ਼ਾਰਾਂ ਪ੍ਰਾਣੀ ਲਾਭ ਪ੍ਰਾਪਤ ਕਰਨਗੇ ।

6.ੳ) ਇਮਾਰਤ **ਮਨਸੂਰਾਂ** ਸੰਗਤਾਂ ਦੇ ਬਿਸਰਾਮ ਲਈ 32 ਕਮਰੇ, ਸਰੋਵਰ ਅਕਾਲੀ, ਹਸਪਤਾਲ 50 ਬਿਸਤਰੇ ਵਾਲਾ ਦੋ ਮੰਜ਼ਲਾ, ਤੇ ਕਰਮਚਾਰੀਆਂ ਦੀਆਂ ਕੋਠੀਆਂ ਤੇ ਲੰਗਰ ਛਕਣ ਲਈ 3194 ਫੁੱਟ ਸ਼ੈੱਡ ਤੇ ਚਾਰ ਦੀਵਾਰੀ ਬਣਾਏ ਜਾ ਚੁਕੇ ਹਨ । ਪਵਿੱਤਰ ਅੰਮ੍ਰਿਤ ਜਲ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਰੀ ਦੇ ਖੂਹ ਦਾ ਜਿਸ ਨੂੰ ਰੋਗ ਅਰੋਗਤਾ ਦਾ ਵਰ ਪ੍ਰਾਪਤ ਹੈ ਪਾਇਆ ਜਾਂਦਾ ਹੈ ਹੁਣ, ਦਰਸ਼ਨੀ ਡਿਊਢੀ, ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਅਸਥਾਨ 110 × 75 ਫੁਟ ਬਾਕੀ ਹੈ । ਜੋ ਇਮਾਰਤ ਅਰੰਭ ਹੈ ।

ਅ) **ਊਨਾ ਸਾਹਿਬ** ਵਿਖੇ ਪ੍ਰਕਾਸ਼ ਅਸਥਾਨ 125 ਫੁਟ × 52 ਫੁਟ ਤਿਆਰ ਹੋ ਚੁਕਾ ਹੈ । ਜਿਸ ਵਿਚ ਅੰਦਰ ਬਾਹਰ ਸੰਗਮਰਮਰ ਵਿਛਾਇਆ ਗਿਆ ਹੈ 10 ਲੱਖ ਰੁ: ਲਾਗਤ ਆਈ ਹੈ । ਅਜੇ ਸੰਗਤਾਂ ਲਈ ਕਮਰੇ ਕਾਇਮ ਕਰਨੇ ਬਾਕੀ ਹਨ

ੲ) "ਅਨੂਠੀ" ਮਾਸਕ ਪੱਤਰ ਬੜੇ ਖਰਚ ਨਾਲ ਛਾਪ ਕੇ ਮੁਫਤ ਵੰਡਿਆ ਜਾਂਦਾ ਹੈ, ਤੇ ਹੋਰ ਗੁਰੂ ਘਰ ਦੀਆਂ ਇਮਾਰਤਾਂ ਜੋ ਪ੍ਰਜੈਕਟ ਹਨ, ਜੋ ਆਸ਼ਰਮ ਤੇ ਭਾਰੀ ਬੋਝ ਹੈ । ਸਿੱਖਾਂ ਦਾ ਸਾਥ ਦੇ ਦੇ ਹੋਏ ਅੰਗਰੇਜ਼ਾਂ ਨਾਲ ਬਗਾਵਤ, ਜਿਨ੍ਹਾਂ ਸਭ ਕਿਲੇ ਅਸਥਾਨ ਢਾਹ ਢੇਰੀ ਕੀਤੇ ਹੁਣ ਉਸਾਰੇ ਜਾ ਰਹੇ ਹਨ ।

ਸ) ਗੁਰ ਬਿਲਾਸ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਛਪਵਾਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ । ਪ੍ਰੈਸ ਦਮਦਮਾ ਅਸਥਾਨ ਮਨਸੂਰਾਂ ਵਿਖੇ ਕਾਇਮ ਕੀਤਾ ਜਾਵੇਗਾ ।

**ਦਾਨੀ ਸੱਜਣ ਖੁਲ੍ਹੇ ਦਿਲ ਨਾਲ ਸਹਾਇਤਾ ਕਰਨ ਤਾਂ ਜੋ ਅਨੂਠੀ ਤੇ ਹਸਪਤਾਲ ਅਤੇ ਇਮਾਰਤ ਦਾ ਖਰਚਾ ਚਲਦਾ ਰਹੇ । ਇਸ ਸਾਲ ਦੀਵਾਨ ਅਸਥਾਨ, ਮਨਸੂਰਾਂ ਦੇ ਹਾਲ ਤੇ ਛੱਤ ਪਾਉਣੀ ਅਰੰਭ ਹੈ । ਨੀਂਹ ਦੁਸਹਿਰੇ ਵਾਲੇ ਦਿਨ 1984 ਵਿਚ ਰੱਖੀ ਜਾ ਚੁਕੀ ਹੈ । ਜਿਸਦੀ ਤਿਆਰੀ ਹੋ ਰਹੀ ਹੈ ।**

# ਗੁਰ-ਬੰਸਾਵਲੀ

ਜਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਸਿੱਖ ਮੱਤ ਦੇ ਬਾਨੀ

ਬਾਬਾ ਸ੍ਰੀ ਚੰਦ ਜੀ ਉਦਾਸੀ ਸੰਪਰਦਾ ਦੇ ਬਾਨੀ — ਬਾਬਾ ਲਖਮੀ ਦਾਸ ਜੀ

ਬਾਬਾ ਧਰਮ ਚੰਦ ਜੀ

ਬਾਬਾ ਮਾਣਕ ਚੰਦ ਜੀ — ਬਾਬਾ ਮੇਹਰ ਚੰਦ ਜੀ

ਬਾਬਾ ਦਾਤਾਰ ਚੰਦ ਜੀ — ਬਾਬਾ ਜਗਤ ਚੰਦ ਜੀ — ਬਾਬਾ ਹੰਸ ਰਾਜ ਜੀ — ਬਾਬਾ ਅਨਾਇਤ ਚੰਦ ਜੀ

ਬਾਬਾ ਗੁਰਦਿੱਤ ਚੰਦ ਜੀ — ਬਾਬਾ ਪਹਾੜ ਚੰਦ ਜੀ — ਬਾਬਾ ਤਾਰਾ ਚੰਦ ਜੀ — ਬਾਬਾ ਫਤਹਿ ਚੰਦ ਜੀ — ਬਾਬਾ ਉਦੇ ਚੰਦ ਜੀ

ਬਾਬਾ ਹਰਿਕਰਣ ਚੰਦ ਜੀ — ਬਾਬਾ ਮਨਸਾ ਚੰਦ ਜੀ — ਬਾਬਾ ਆਸਾ ਚੰਦ ਜੀ — ਬਾਬਾ ਸੂਰਜ ਚੰਦ ਜੀ

ਬਾਬਾ ਨਿਹਾਲ ਚੰਦ ਜੀ — ਬਾਬਾ ਹਰਜਸ ਜੀ — ਬਾਬਾ ਦੀਪ ਚੰਦ ਜੀ — ਬਾਬਾ ਸੁਖਦੇਵ ਜੀ

ਬਾਬਾ ਕਲਾਧਾਰੀ ਜੀ — ਬਾਬਾ ਲੱਜਾਧਾਰੀ ਜੀ

ਬਾਬਾ ਕੁਇਰ ਸਿੰਘ ਜੀ — ਬਾਬਾ ਧਰਮ ਸਿੰਘ ਜੀ — ਬਾਬਾ ਅਜੀਤ ਸਿਘ ਜੀ — ਬਾਬਾ ਸਾਗਰ ਚੰਦ ਜੀ — ਬਾਬਾ ਅਵਤਾਰ ਚੰਦ ਜੀ

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ 'ਬੇਦੀ'

ਸ੍ਰੀ ਬਾਬਾ ਕਿਸ਼ਨ ਸਿੰਘ ਜੀ — ਸ੍ਰੀ ਬਾਬਾ ਤੇਗ ਸਿੰਘ ਜੀ — ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ

ਸ੍ਰੀ ਬਾਬਾ ਅਤਰ ਸਿੰਘ ਜੀ — ਸ੍ਰੀ ਹਜ਼ੂਰ ਬਾਬਾ ਸੁਜਾਨ ਸਿੰਘ ਜੀ

ਸ੍ਰੀ ਬਾਬਾ ਖੇਮ ਸਿੰਘ ਜੀ — ਸ੍ਰੀ ਹਜ਼ੂਰ ਬਾਬਾ ਰਾਮਕਿਸ਼ਨ ਸਿੰਘ ਜੀ

1904—1962 ਸ੍ਰੀ ਹਜ਼ੂਰ ਬਾਬਾ ਦੇਵਿੰਦਰ ਸਿੰਘ ਜੀ

ਜਨਮ 1921 ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ
(ਵਰਤਮਾਨ ਗੱਦੀ-ਨਸ਼ੀਨ)

ਜਨਮ 1949 ਟਿੱਕਾ ਸਰਬਜੋਤ ਸਿੰਘ ਜੀ

ਜਨਮ 1976 ਟਿੱਕਾ ਅਮਰਜੋਤ ਸਿੰਘ ਜੀ — ਜਨਮ 1982 ਬਾਬਾ ਕਰਮਜੋਤ ਸਿੰਘ ਜੀ

# ਗੁਰਗੱਦੀ ਅਸਥਾਨ-ਸਮਾਧ ਬਾਬਾ ਬਿਕ੍ਰਮਾ ਸਿੰਘ ਜੀ ਬੇਦੀ



ਸਮਾਧ ਬਾਬਾ ਬਿਕ੍ਰਮਾ ਸਿੰਘ ਜੀ, ਢਾਬ ਬਸਤੀ ਰਾਮ, ਕਣਕ ਮੰਡੀ, ਅੰਮ੍ਰਿਤਸਰ ਵਿਖੇ ਜਿਥੇ ਹਰ ਸਾਲ ਅਗਸਤ ਮਹੀਨੇ ਵਿਚ ਆਪ ਦਾ ਜੋਤੀ ਜੋਤ ਸਮਾਗਮ ਮਨਾਇਆ ਜਾਂਦਾ ਹੈ। ਜਿਥੇ ਆਪ ਨੂੰ ਅੰਗਰੇਜ਼ ਸਰਕਾਰ ਨੇ 14 ਸਾਲ ਨਜ਼ਰਬੰਦ ਰਖਿਆ, ਇਥੇ ਹੀ ਆਪ ਦਾ ਦਿਹਾਂਤ ਹੋਇਆ।

ਮਾਲਕ, ਪ੍ਰਕਾਸ਼ਕ ਅਤੇ ਛਾਪਕ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿਘ ਜੀ ਬੇਦੀ ਮਨਸੂਰਾਂ (ਲੁਧਿਆਣਾ) ਨੇ ਲਾਇਲਪੁਰ ਪ੍ਰਿੰਟਿੰਗ ਪ੍ਰੈਸ, ਨੌਲੱਖਾ ਸਿਨਮਾ ਰੋਡ, ਲੁਧਿਆਣਾ ਤੋਂ ਛਪਵਾ ਕੇ ਦਫਤਰ 'ਅਜੂਨੀ' ਮਨਸੂਰਾਂ ਤੋਂ 30-9-85 ਨੂੰ ਪ੍ਰਕਾਸ਼ਤ ਕੀਤਾ।